ਅੰਤਰਰਾਸ਼ਟਰੀ ਮੈਗਜ਼ੀਨ

# ਕਾਵਿ-ਸੰਸਾਰ

Kav-Sansaar
International Magazine

ਐਤਵਾਰ, 03 ਸਤੰਬਰ 2023

Chief Editor : Verinder Singh Virdi | Email : kavsansaar@gmail.com | Contact : +16043086663,+447944101658, +917009770591



www. kavsansaar.com

# ਸੰਪਾਦਕੀ ਮੰਡਲ /Editorial Board

**ਮੁੱਖ-ਸਰਪ੍ਰਸਤ :** ਰਵਿੰਦਰ ਰਵੀ

**Chief Patron :** Ravinder Ravi

**ਸਰਪ੍ਰਸਤ :** ਅਵਤਾਰ ਸਿੰਘ ਵਿਰਦੀ

**Patron :** Avtar Singh Virdi

**ਮੁੱਖ-ਸੰਪਾਦਕ ਤੇ ਸੰਚਾਲਕ :** ਵਰਿੰਦਰ ਸਿੰਘ ਵਿਰਦੀ

**Chief Editor :** Verinder Singh Virdi

**ਸੰਪਾਦਕ : ਰਮਿੰਦਰ ਕੌਰ**

**Editor :** Raminder Kaur

**ਸਮਾਚਾਰ ਸੰਪਾਦਕ ਤੇ ਬਿਓਰੋ ਚੀਫ਼ :** ਹਰਦਮ ਸਿੰਘ ਮਾਨ

**News Editor & Bureau Chief :** Hardam Singh Mann

**ਸਲਾਹਕਾਰ ਬੋਰਡ :**

- ਮੋਤਾ ਸਿੰਘ ਸਰਾਏ
- ਕੁਲਜੀਤ ਕੌਰ ਗ਼ਜ਼ਲ (ਆਸਟ੍ਰੇਲੀਆ )
- ਨਛੱਤਰ ਭੋਗਲ
- ਮਿਸ ਆਸ਼ਨਾ ਸਿੰਘ
- ਬੀਬੀ ਸੁਰਜੀਤ ਕੌਰ ਸੈਕਰਾਮੈਂਟੋ (ਕੈਲੀਫੋਰਨੀਆ )

**Advisory Board :**

- Mota Singh Sarai (U.K.)
- Mrs.Kuljeet Kaur Gazal
- Nachhater Bhogal (U.K.)
- Ms. Aashna Singh (U.K.)
- Bibi Surjeet Kaur Sacramento

ਇਸ ਵਿੱਚ ਛਪੀਆਂ ਰਚਨਾਵਾਂ ਦੇ ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹਨ । ਕਾਵਿ-ਸੰਸਾਰ ਅਦਾਰੇ ਜਾਂ ਸੰਪਾਦਕ ਦਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਅਦਾਰਾ ਕਿਸੇ ਵੀ ਲੇਖਕ ਦੀ ਰਚਨਾ ਲਈ ਕਿਸੇ ਵੀ ਤਰ੍ਹਾਂ ਨਾਲ ਜ਼ਿੰਮੇਵਾਰ ਨਹੀਂ ਹੈ।

ਆਪਣੀਆਂ ਮੌਲਿਕ ਰਚਨਾਵਾਂ ਆਪਣੀ ਤਸਵੀਰ ,ਐਡਰੈੱਸ ਤੇ ਫ਼ੋਨ ਨੰਬਰ ਸਮੇਤ ਇਸ ਮੇਲ ਆਈ ਡੀ ਤੇ ਭੇਜ ਸਕਦੇ ਹੋ ।

Email : kavsansaar@gmail.com

**Contact : +16043086663 ,+44 7944 101658, +917009770591**

# ਰਵਿੰਦਰ ਰਵੀ

## ਕੋਲ ਕੋਲ ਸਫਰ



ਵਾਟ ਨੂੰ ਮੁੱਕਣ ਨਾ ਦਿੱਤਾ, ਅੱਗਿਓਂ ਅੱਗੇ ਨਿਸ਼ਾਨਾ,
ਆਪ ਨੂੰ ਹੀ ਪਾਉਣ ਲਈ, ਖੋਲ੍ਹਿਆ ਹਰ ਦਰ ਹੈ।

ਵਸਲ, ਬਿਰਹਾ, ਦੋ ਰੰਗ, ਇਕ ਸਿੱਕਾ, ਦੋ ਪਾਸੇ,
ਤੁਰਨ, ਭਟਕਣ, ਸਮ-ਅਰਥ, ਕੋਲ ਕੋਲ ਸਫਰ ਹੈ।



ਰਸਤਿਆਂ ਦੀ ਧੂੜ ਦਾ, ਜੁੱਸੇ 'ਤੇ ਵੀ ਅਸਰ ਹੈ।
ਕਿਰਕ ਹੈ ਹਰ ਛੁਹ ਵਿੱਚ, ਕਿਰਕਿਰਾ ਬਸ਼ਰ ਹੈ।


ਅੱਖ ਮਾਰੀ, ਅੱਖ ਪਕੜੀ, ਇਸ਼ਕ ਦੀ ਤਕੜੀ ਪਕੜ,
ਏਸ ਉਮਰੇ ਦੇਖ ਲਓ, ਆਸ਼ਿਕ ਕਿਵੇਂ ਨਸ਼ਰ ਹੈ।

ਖੁੱਲ੍ਹੇ ਰੱਖੇ ਹਨ ਸਦਾ, ਬੂਹੇ ਸਾਰੇ, ਬਾਰੀਆਂ,
ਇਕ ਨੂੰ ਲੱਭਣ ਲਈ, ਸਭ 'ਤੇ ਰੱਖੀ ਨਜ਼ਰ ਹੈ।

ਖ਼ਾਕ ਛਾਣੀ ਹੈ ਬਹੁਤ, ਤਜਰਬੇ ਹੀ ਤਜਰਬੇ,
ਇਸ ਕਵੀ ਦੇ ਕਾਵਿ ਦੀ, ਬ੍ਰਹਮੰਡ 'ਤੇ ਨਜ਼ਰ ਹੈ।



# ਨਾਮਵਰ ਸਾਹਿਤਕਾਰ ਰਵਿੰਦਰ ਰਵੀ 'ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ' ਨਾਲ ਸਨਮਾਨਿਤ






ਸਰੀ, 28 ਅਗਸਤ (ਹਰਦਮ ਮਾਨ)- 26 ਅਗਸਤ 2023 ਨੂੰ ਲਾਹੌਰ (ਪਾਕਿਸਤਾਨ) ਵਿਖੇ ਕਜਾਫੀ ਸਟੇਡੀਅਮ ਦੇ ਪਿਲਾਕ ਆਡੀਟੋਰੀਅਮ ਵਿਚ ਵਾਰਿਸ ਸ਼ਾਹ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਇਕ ਵਿਸ਼ੇਸ਼ ਸਮਾਰੋਹ ਵਿਚ ਕੈਨੇਡਾ ਨਿਵਾਸੀ ਨਾਮਵਰ ਸਾਹਿਤਕਾਰ ਰਵਿੰਦਰ ਰਵੀ ਨੂੰ 'ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਐਵਾਰਡ ਵਿਚ ਉਨ੍ਹਾਂ ਨੂੰ ਸੋਨ ਚਿੰਨ੍ਹ, ਵੱਡੇ ਸ਼ਾਇਰ ਦਾ ਖ਼ਿਤਾਬ, ਵਾਰਿਸ ਸ਼ਾਹ ਦਰਬਾਰ ਦੀਆਂ ਵਿਸ਼ੇਸ਼ ਬਖਸ਼ਿਸ਼ਾਂ ਅਤੇ ਅਨੇਕਾਂ ਹੋਰ ਤੋਹਫਿਆਂ ਨਾਲ ਨਿਵਾਜਿਆ ਗਿਆ। ਇਸ ਸਮਾਰੋਹ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਮੂਲੀਅਤ ਕੀਤੀ।

ਸਰੀ-ਵੈਨਕੂਵਰ ਖੇਤਰ ਦੇ ਲੇਖਕਾਂ ਨੇ ਰਵਿੰਦਰ ਰਵੀ ਨੂੰ ਇਹ ਐਵਾਰਡ ਮਿਲਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਰਵੀ ਸਾਹਿਬ ਨੂੰ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੂੰ ਮੁਬਾਰਕਬਾਦ ਕਹਿਣ ਵਾਲਿਆਂ ਵਿਚ ਗ਼ਜ਼ਲ ਮੰਚ ਸਰੀ ਦੇ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਮਾਨ, ਕ੍ਰਿਸ਼ਨ ਭਨੋਟ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫਿਰੋਜ਼ ਤੇ ਗੁਰਮੀਤ ਸਿੰਘ ਸਿੱਧੂ, ਵੈਨਕੂਵਰ ਵਿਚਾਰ ਮੰਚ ਦੇ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਸ਼ਾਮਲ ਹਨ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ



ਵਿਸ਼ਵ ਪੰਜਾਬੀ ਸਭਾ ਕਨੇਡਾ
ਵੱਲੋਂ ਨਿੱਘਾ ਸੱਦਾ
ਜੀ ਆਇਆਂ ਨੂੰ
ਪ੍ਰੋ. ਜਸਵੰਤ ਸਿੰਘ ਗੱਜਣ ਮਾਜਰਾ
(ਆਮ ਆਦਮੀ ਪਾਰਟੀ)
ਮਿਤੀ: 03 ਸਤੰਬਰ, 2023
ਸਮਾਂ: ਸ਼ਾਮੀ 4-6 ਵਜੇ ਤੱਕ / ਦਿਨ ਐਤਵਾਰ
ਸਥਾਨ: ਵਿਸ਼ਵ ਪੰਜਾਬੀ ਭਵਨ 114 ਕੈਨੇਡੀ ਰੋਡ
ਸਾਊਥ ਬਰੈਂਪਟਨ,
ਸਵਾਗਤ ਕਰਤਾ
ਡਾ ਦਲਬੀਰ ਸਿੰਘ ਕਥੂਰੀਆ
ਚੇਅਰਮੈਨ
ਵਿਸ਼ਵ ਪੰਜਾਬੀ ਸਭਾ ਕਨੇਡਾ
+1(416) 700-9100

# ਕੇਵਲ ਸਿੰਘ ਨਿਰਦੋਸ਼ ਦੁਸਾਂਝ ਕੈਮਲੂਪਸ ਕੈਨੇਡਾ

## ਕੇਵਲ ( ਗ਼ਜ਼ਲ )

ਭਲਾ ਸਰਬੱਤ ਦਾ ਲੋਚੇ , ਉਹੀ ਇਨਸਾਨ ਹੈ ਕੇਵਲ ।
ਅਜੇਹੇ ਨੇਕ ਬਖ਼ਤਾਂ ਤੋਂ , ਸਦਾ ਕੁਰਬਾਨ ਹੈ ਕੇਵਲ ।

ਦਰੋਂ ਨਾ ਮੋੜਦਾ ਖ਼ਾਲੀ , ਸਵਾਲੀ ਜੇ ਕਦੇ ਆਵੇ ,
ਮੁਤਾਬਿਕ ਆਪਣੀ ਵਿਤ ਦੇ , ਕਰੇਂਦਾ ਦਾਨ ਹੈ ਕੇਵਲ ।



ਖ਼ੁਦਾ ਨੂੰ ਖ਼ਲਕ 'ਚੋਂ ਵੇਖੇ , ਕਰੇ ਸਤਿਕਾਰ ਖ਼ਲਕਤ ਦਾ ,
ਉਹੀ ਦਰ ਓਸ ਦੇ ਹੁੰਦਾ , ਸਦਾ ਪਰਵਾਨ ਹੈ ਕੇਵਲ ।

ਦੁਨੀਆਂ ਨੂੰ ਸਰਾਂ ਜਾਣੇ , ਮੁਸਾਫ਼ਿਰ ਆਪ ਨੂੰ ਸਮਝੇ ,
ਚਲੇ ਜਾਣਾ ਜਿਵੇਂ ਜਾਂਦਾ , ਘਰੋਂ ਮਹਿਮਾਨ ਹੈ ਕੇਵਲ ।

ਕਰੀਂ ਤੂੰ ਵਰਤਕੇ ਸਫ਼ਲੀ , ਕਮਾਈ ਨਾਲ਼ ਮਿਹਨਤ ਦੇ ,
ਮਨਾ ਸਮਝੀਂ ਕਿ ਇਹ ਦੌਲਤ , ਸਦਾ ਗੁਜਰਾਨ ਹੈ ਕੇਵਲ

ਮੁਹੱਬਤ ਕਰ ਹਰਿਕ ਤਾਂਈਂ , ਇਬਾਦਤ ਹੈ ਇਹੀ ਸੱਚੀ ,
ਅਨੂਠੇ ਬੋਲ ਸਤਿਗੁਰ ਦੇ , ਸਹੀ ਫ਼ੁਰਮਾਨ ਹੈ ਕੇਵਲ ।

ਰਜ਼ਾ ਵਿਚ ਰਹਿੰਦਿਆਂ ਰਾਜ਼ੀ , ਗੁਜ਼ਾਰੀ ਉਮਰ ਹੈ ਸਾਰੀ ,
ਇਵੇਂ ਨਿਰਦੋਸ਼ ਤੁਰ ਜਾਵਾਂ , ਇਹੀ ਅਰਮਾਨ ਹੈ ਕੇਵਲ ।

# ਰਮਿੰਦਰ ਰੰਮੀ

## ਅੱਖਰ

ਅੱਖਰ ਲਿਖੇ ਕਈਆਂ ਦੇ
ਇਤਿਹਾਸ ਬਣ ਜਾਂਦੇ
ਵਲਵਲੇ ਨਿਕਲੇ ਮੰਨ ਦੇ
ਮਿਥਿਹਾਸ ਬਣ ਜਾਂਦੇ...!
ਚੁੱਪ ਪਏ ਅੱਖਰ
ਹੈ ਮੌਕੇ ਤੇ ਬੋਲਦੇ
ਅਕਲੋਂ ਸੱਖਣੇ ਬੰਦੇ
ਫਿਰ ਭੀ ਨਾ ਗੌਲਦੇ...!
ਅੱਖਰਾਂ ਦੀ ਆਪਣੀ ਜੁਬਾਨ ਹੁੰਦੀ ਹੈ
ਕਲਮ ਹੱਥ ਜਿਸਦੀ ਲਗਾਮ ਹੁੰਦੀ ਹੈ
ਅੱਖਰ ਜਦ ਉਠਦੇ
ਤਾਂ ਸਵੇਰ ਹੋ ਜਾਂਦੀ
ਅਧੀਨ ਹੋ ਜਾਣ ਕਿਸੇ ਦੇ
ਤਾਂ ਹਨੇਰ ਹੋ ਜਾਂਦੀ ...!
ਤਾਹੀਉ ਤਾਂ ਕਹਿੰਦੇ...
ਅੱਖਰਾਂ ਦੀ ਜ਼ੁਬਾਨ ਹੁੰਦੀ ਹੈ
ਕਲਮ ਹੱਥ ਜਿਸਦੀ ਲਗਾਮ ਹੁੰਦੀ ਹੈ...



# ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਯੂ.ਐਸ.ਏ.

## ਮੇਰੀ ਮਾਂ ਬੋਲੀ ਪੰਜਾਬੀ ਏ ਮੈਨੂੰ ਮਾਂ ਬੋਲੀ ਤੇ ਮਾਨ ਹੈ

ਮੇਰੀ ਮਾਂ ਬੋਲੀ ਪੰਜਾਬੀ ਏ ਮੈਨੂੰ ਮਾਂ ਬੋਲੀ ਤੇ ਮਾਨ ਹੈ
ਇਹਦਾ ਹਰ ਥਾਂ ਤੇ ਸਤਿਕਾਰ ਹੈ ਇਹਦੀ ਜਗ ਵਿਚ ਉਚੀ ਸ਼ਾਨ ਹੈ

ਇਹਦੇ ਪੈਂਤੀ ਅੱਖਰ ਹੀਰੇ ਮਾਣਕ ਮੋਤੀਆਂ ਵਾਂਗਰ ਚਮਕ ਰਹੇ
ਆਕਾਸ਼ ਤੇ ਸੱਜਦੇ ਚੰਨ ਤਾਰੇ ਇਹ ਧਰਤੀ ਉਤੇ ਦਮਕ ਰਹੇ
ਇਹਦਾ ਹਰ ਅੱਖਰ ਵਡਮੁੱਲਾ ਏ ਇਹ ਸਭ ਰਤਨਾਂ ਦੀ ਖਾਨ ਹੈ ਮੇਰੀ ਮਾਂ ਬੋਲੀ



ਗੁਰਬਾਣੀ ਦੇ ਵਿਚ ਪੱਟੀ ਲਿਖ ਗੁਰੂ ਨਾਨਕ ਨੇ ਫ਼ੁਰਮਾਇਆ ਏ
ਊੜੇ ਉਪਮਾ ਤਾ ਕੀ ਕੀਜੈ ਜਾ ਕਾ ਅੰਤ ਨ ਪਾਇਆ ਏ
ਇਹ ਨਾਲ ਸਾਦਗੀ ਤੁਰਦੀ ਏ ਹਰ ਥਾਂ ਇਸਦਾ ਸਨਮਾਨ ਹੈ ਮੇਰੀ ਮਾਂ ਬੋਲੀ

ਜੋ ਮਾਂ ਨੂੰ ਕਰਦੇ ਪਿਆਰ ਨਹੀਂ,ਵਿਚ ਦੁਨੀਆਂ ਪਾਉਂਦੇ ਮਾਨ ਨਹੀਂ
ਮਾਂ ਨਾਲ ਗਦਾਰੀ ਕਰਦੇ ਜੋ ਉਹ ਬੰਦੇ ਨਹੀਂ ਇਨਸਾਨ ਨਹੀਂ
ਮੈਂ ਧੀ ਹਾਂ ਪੰਜ ਦਰਿਆਵਾਂ ਦੀ ਮੇਰੀ ਮਾਂ ਬੋਲੀ ਵਿਚ ਜਾਨ ਹੈ ਮੇਰੀ ਮਾਂ ਬੋਲੀ


ਇਕੀਵੀਂ ਸਦੀ ਦੇ ਲੋਕੋ ਵੇ ਜੇ ਮਾਂ ਬੋਲੀ ਭੁੱਲ ਜਾਵਾਂਗੇ
ਦੁਨੀਆਂ ਦੇ ਗਲੀ ਬਜ਼ਾਰਾਂ ਵਿਚ ਕੱਖਾਂ ਵਾਂਗੂੰ ਰੁਲ ਜਾਵਾਂਗੇ
ਅਮਰੀਕਾ ਅਤੇ ਕਨੇਡਾ ਵਿਚ, ਜਾ ਪਾਇਆ ਉੱਚ ਅਸਥਾਨ ਹੈ ਮੇਰੀ ਮਾਂ ਬੋਲੀ

# ਰਮਿੰਦਰ ਰੰਮੀ

## ਮੈਂ ਤੇਰਾ ਇੰਤਜ਼ਾਰ ਕਰਾਂਗੀ



ਭਲਾ ਇੰਤਜ਼ਾਰ ਵੀ ਕਦੀ
ਖਤਮ ਹੋਇਆ ਹੈ
ਆਸ ਤੇ ਹੀ ਜਹਾਨ ਹੈ
ਪਤਾ ਹੈ ਯਾਦ ਤੇਰੀ ਵਿੱਚ
ਹਰ ਪੱਲ , ਹਰ ਘੜੀ ਹੰਝੂਆਂ
ਦੇ ਘੁੱਟ ਭਰ ਰਹੀ ਹਾਂ
ਨਾ ਮੇਰੇ ਹੰਝ ਸੁੱਕੇ ਨੇ
ਨਾ ਮੈਂ ਮੁਸਕਰਾ ਸਕੀ ਹਾਂ
ਮੇਰੀ ਤੇ ਜਿੰਦ ਜਾਨ ਤੂੰ ਸੀ
ਤੇਰੇ ਨਾਮ ਤੋਂ ਹੀ ਮੇਰੀ
ਸਵੇਰ ਹੁੰਦੀ ਹੈ
ਤੇਰੇ ਨਾਮ ਤੋਂ ਮੇਰੀ ਰਾਤ ਹੁੰਦੀ ਹੈ
ਤੇਰੇ ਜਾਣ ਦੇ ਬਾਦ ਲੱਗਦਾ
ਮੇਰੀ ਜ਼ਿੰਦਗੀ ਵੀਰਾਨ ਹੋ ਗਈ ਹੈ
ਜੀਵਨ ਲੋ ਖਤਮ ਹੋ ਰਹੀ ਹੈ
ਪਰ ਮੇਰਾ ਇੰਤਜ਼ਾਰ ਕਦੀ
ਖਤਮ ਨਹੀਂ ਹੋਇਆ
ਰਾਤ ਦੇ ਬਾਦ ਹੀ ਤੇ
ਸਵੇਰ ਹੁੰਦੀ ਹੈ
ਪੱਤ ਝੜਦੇ ਨੇ ਤੇ
ਨਵੇਂ ਪੱਤ ਆਉਂਦੇ ਨੇ
ਦੁੱਖਾਂ ਬਾਦ ਸੁੱਖ ਵੀ
ਆਉਂਦੇ ਨੇ
ਵਿਛੋੜਾ ਹੈ ਤੇ ਮਿਲਾਪ ਵੀ ਹੈ
ਕੀ ਹੋਇਆ ਜੀਵਨ ਲੋ
ਖਤਮ ਹੋ ਰਹੀ ਹੈ ਪਰ
ਤੇਰੇ ਮੁੜ ਆਉਣ ਦੀ
ਆਸ ਅਜੇ ਕਾਇਮ ਹੈ
ਮੇਰਾ ਵਿਸ਼ਵਾਸ ਹੈ ਕਿ ਤੂੰ
ਜਲਦੀ ਵਾਪਸ ਪਰਤੇਂਗਾ
ਤੇ ਮੇਰੀਆਂ ਪਲਕਾਂ
ਬੰਦ ਹੋਣ ਤੋਂ ਪਹਿਲਾਂ
ਤੈਨੂੰ ਦੇਖ ਮੇਰੇ ਅੰਦਰ ਦਾ
ਬੁੱਝਦਾ ਹੋਇਆ ਦੀਪਕ
ਲੱਟ ਲੱਟ ਬੱਲ ਉੱਠੇਗਾ
ਮੈਂ ਵੀ ਫਿਰ ਤੋਂ ਮਹਿਕਣ
ਟਹਿਕਣ ਲੱਗ ਜਾਵਾਂਗੀ
ਇੰਤਜ਼ਾਰ ਹੈ ਉਸ ਘੜੀ ਦਾ ਤੇ
ਮੈਂ ਤੇਰਾ ਇੰਤਜ਼ਾਰ ਕਰਾਂਗੀ
ਉਸਦਾ ਇੰਤਜ਼ਾਰ ਕਰਦੇ
ਕਰਦੇ
ਹਰ ਸਮੇਂ ਇਹ ਗੀਤ ਉਹ
ਗੁਣਗੁਣਾਉਂਦੀ ਰਹਿੰਦੀ ਹੈ ।
" ਕਿਸੀ ਨਜ਼ਰ ਕੋ ਤੇਰਾ
ਇੰਤਜ਼ਾਰ ਆਜ ਭੀ ਹੈ । "



# ਅੱਧਮ ਅੱਧ-ਡਾ. ਮੇਹਰ ਮਾਣਕ

ਅੱਧਾ ਸੂਰਜ ਅੱਧਾ ਨੇਰ੍ਹਾ।
ਅੱਧੀ ਰਾਤ ਅੱਧਾ ਸਵੇਰਾ।

ਅੱਧੀ ਧਰਤੀ ਅੱਧਾ ਅੰਬਰ
ਅੱਧੀਆਂ ਅਜਮਤਾਂ ਅੱਧੇ ਸੁਅੰਬਰ।

ਅੱਧੀਆਂ ਖੁਸ਼ੀਆਂ ਅੱਧੇ ਗ਼ਮ
ਨਜ਼ਰ ਪਿਆਸੀ ਅੱਖੀਆਂ ਨਮ।

ਅੱਧਾ ਚੰਨ ਅੱਧੇ ਤਾਰੇ
ਅੱਧੇ ਡੁੱਬੇ ਅੱਧੇ ਕਿਨਾਰੇ।

ਅੱਧੇ ਰਸਤੇ ਅੱਧੀਆਂ ਪੈੜਾਂ
ਉੜਦੇ ਪੱਲੂ ਅੱਧੇ ਨੈੜਾਂ।

ਅੱਧੀ ਖ਼ਾਕ ਅੱਧੀ ਰਾਖ਼
ਅੱਧੀ ਹੀਰ ਅੱਧਾ ਚਾਕ।

ਅੱਧੀ ਅੱਗ ਅੱਧੀ ਸਵਾਹ
ਅੱਧੀ ਜ਼ਿੰਦਗੀ ਅੱਧੇ ਚਾਅ।



ਡਾ.ਮੇਹਰ ਮਾਣਕ

ਅੱਧਾ ਇਸ਼ਕ ਅੱਧਾ ਹਿੱਜ਼ਰ
ਵਗੇ ਰੇਤ 'ਤੇ ਖ਼ਵਾਜਾ ਖਿਜ਼ਰ।

ਅੱਧੀ ਅਵਾਜ਼ ਅੱਧੀ ਚੁੱਪ
ਜਿਉਂਦੀ ਨਦੀ ਮਰਦੇ ਰੁੱਖ।

ਅੱਧੀ ਮਹਿਕ ਅੱਧੀ ਦੁਰਗੰਧ
ਅੱਧੀਆਂ ਸਾਂਝਾ ਅੱਧੀ ਵੰਡ।

ਅੱਧੀ ਬੜ੍ਹਕ ਅੱਧੇ ਸਹਿਮ
ਅੱਧੀ ਸਚਾਈ ਅੱਧੇ ਵਹਿਮ।

ਅੱਧੇ ਓਹਲੇ ਅੱਧੇ ਪ੍ਰਤੱਖ
ਝੂਠ ਧੂਹ ਲੈਂਦਾ ਅੱਧਾ ਸੱਚ।

ਧੁੱਪ ਛਾਂ ਦੋਵੇਂ ਅੱਧਮ ਅੱਧੇ
ਟੁੱਟ ਕੇ ਫਿਰ ਵੀ ਸਾਂਵੇਂ ਬੱਧੇ।
ਅੱਧਾ ਨੰਗਾ ਅੱਧਾ ਢਕਿਆ
ਅਜ਼ਬ ਜਿਹਾ ਸੰਸਾਰ ਹੈ ਰਚਿਆ।

ਵਿੱਚ ਕਾਇਨਾਤ ਕੁੱਝ ਨਾ ਪੂਰਾ
ਕੀ ਹੋਇਆ ਜੇ ਤੂੰ ਅੱਧ ਅਧੂਰਾ।

ਅੱਧਾ ਮੇਰਾ ਤੂੰ ਅੱਧਾ ਹੋਰ ਦਾ
ਸਦਮਾਂ ਹੀ ਤਾਂ ਕਲਮ ਤੋਰਦਾ।

ਅੱਧੇ ਅੱਥਰੂ ਅੱਧੀ ਮੁਸਕਾਨ
ਕਦੇ ਨਾ ਸਮਝੇ ਇਹ ਜਹਾਨ।

ਜਹਾਨ ਜੇ ਸਮਝਣ ਵਾਲ਼ਾ ਹੁੰਦਾ
ਵਸਦੇ ਘਰਾਂ ਨੂੰ ਨਾ ਵੱਜਦਾ ਕੁੰਡਾ।

# ਸੁਲੱਖਣ ਮਹਿਮੀ

## ਜਾਣਾ ਚੰਦ ਤੇ ਮੁਬਾਰਕ....



ਜਾਣਾ ਚੰਦ ਤੇ ਮੁਬਾਰਕ ਪਹਿਲਾਂ ਢਾਰਿਆਂ ਨੂੰ ਦੇਖ
ਜਿਹੜੇ ਰੁਲ਼ਦੇ ਜਮੀਂ ਤੇ ਨੰਨੇ ਤਾਰਿਆਂ ਨੂੰ ਦੇਖ

ਇਸਰੋ ਦੇ ਸਾਇੰਸਦਾਨੋਂ, ਗੌਰਵ ਹੋ ਸਾਡਾ
ਨਹੀਂ ਛੱਤ ਵੀ ਸਿਰਾਂ ਤੇ ਦੁਖਿਆਰਿਆਂ ਨੂੰ ਦੇਖ

ਉਦੋਂ ਮੰਨ ਲਵਾਂਗੇ ਵੱਡੀ ਪ੍ਰਾਪਤੀ ਤੁਹਾਡੀ
ਮਨਾਵਾਂਗੇ ਵੀ ਖੁਸ਼ੀਆਂ ਨਾਹਰਿਆਂ ਨੂੰ ਦੇਖ

ਪੁਲਾੜ ਵਿੱਚ ਖੋਜਾਂ ਜਾ ਕੇ ਫੇਰ ਕਰਿਓ
ਕੱਢੋ ਹੱਲ ਕੋਈ ਪਹਿਲਾਂ ਭੁੱਖਾਂ ਮਾਰਿਆਂ ਨੂੰ ਦੇਖ

ਸਾਡੇ ਦੇਸ਼ ਵਿੱਚ ਅਜੇ ਤਾਂ ਮਚੀ ਕੁਰਲਾਹਟ
ਖੁਸ਼ ਹੋਈ ਜਾਨੈ ਚੰਦ ਤੇ ਨਜ਼ਾਰਿਆਂ ਨੂੰ ਦੇਖ

ਅਜੇ ਕੁੱਲੀ ਗੁੱਲੀ ਜੁੱਲੀ ਵੀ ਹੋਈ ਨਾ ਪੂਰੀ
ਐਵੇਂ ਆਖੋ ਨਾ ਤਰੱਕੀ ਮੁਨਾਰਿਆਂ ਨੂੰ ਦੇਖ

ਪੌਣੀ ਸਦੀ ਹੋ ਗਈ ਮਿਲੀ ਅਜ਼ਾਦੀ ਨੂੰ
ਕਿੱਥੇ ਗਈ ਏ ਗੁਲਾਮੀ ਮੁਜਾਰਿਆਂ ਨੂੰ ਦੇਖ


ਹੱਦਾਂ ਉੱਤੇ ਘੁਸਪੈਠ ਬੰਦ ਅਜੇ ਹੋਈ ਨਾ
ਕੁੱਝ ਲਈ ਏ ਹੜੱਪ ਲਲਕਾਰਿਆਂ ਨੂੰ ਦੇਖ

ਖਲਕਤ ਵੰਡੀ ਹੋਈ ਲੋਕਾਂ ਤੇ ਜੋਕਾਂ ਵਿੱਚ
ਖੂਨ ਪੀਣੇ ਜੋ ਬੈਠੇ ਹਤਿਆਰਿਆਂ ਨੂੰ ਦੇਖ

ਘਰ ਆਪਣਾ ਹੀ ਭਰਦੇ ਲੁੱਟ ਕੇ ਅਵਾਮ ਨੂੰ
ਵਾਅਦੇ ਕਰਦੇ ਨਾ ਪੂਰੇ ਫ਼ੋਕੇ ਲਾਰਿਆਂ ਨੂੰ ਦੇਖ

ਤੁਸੀਂ ਕਰੋ ਨਾ ਦਿਖਾਵੇ ਵੱਡੇ 'ਕੱਠ ਕਰਕੇ
ਢਿੱਡ ਭਰਨੇ 'ਨੀ ਸੁਣ, ਬੁਲਾਰਿਆਂ ਨੂੰ ਦੇਖ

ਜਸ਼ਨ ਮਨਾਉ ਬਹੁਤ ਵੱਡੀ ਕਾਮਯਾਬੀ
ਅੱਖਾਂ ਪੂੰਝਦੇ ਜੇ ਤੁਸੀਂ ਹੰਝੂ ਖਾਰਿਆਂ ਨੂੰ ਦੇਖ



# ਸੁਲੱਖਣ ਮਹਿਮੀ

## ਅੰਮ੍ਰਿਤਾ ਪ੍ਰੀਤਮ
## ਅਗਸਤ 31/1919- ਅਕਤੂਬਰ 31 /2005



ਤੈਨੂੰ ਕਰਾਂ ਅੰਮ੍ਰਿਤਾ ਯਾਦ ਅੱਜ।
ਤੇਰੀ ਕਲਮ ਨੂੰ ਦੇਵਾਂ ਦਾਦ ਅੱਜ।

ਅਸੀਂ ਲਿਖਤਾਂ ਪੜ੍ਹੀਆਂ ਤੇਰੀਆਂ,
ਤੇ ਪੜ੍ਹ, ਪੜ੍ਹ ਹੋਈਏ ਸ਼ਾਦ ਅੱਜ।

ਤੂੰ ਕੀਤੀ ਸੀ ਵਾਰਿਸ ਸ਼ਾਹ ਨੂੰ,
ਤੈਨੂੰ ਉਹੀ ਕਰਾਂ ਫਰਿਆਦ ਅੱਜ।

ਜੋ ਤਰਲਾ ਪਾਇਆ ਸੀ ਕਦੇ,
ਉਹੀ ਪਾਵਾਂ ਸਾਲਾਂ ਬਾਅਦ ਅੱਜ।

ਮਾਨਵਤਾ ਵੀ ਸ਼ਰਮਸ਼ਾਰ ਹੈ,
ਸ਼ਰੇਆਮ ਘੁੰਮਣ ਜਲਾਦ ਅੱਜ।

ਦੁਖੀਆਂ ਦੇ ਸੁਣਦਾ ਦੁੱਖ ਨਾ,
ਜੋ ਹੋ ਬੈਠੇ ਬਰਬਾਦ ਅੱਜ।

ਕਿਉਂ ਕਲਮਾਂ ਹੋਈਆਂ ਗੁੰਗੀਆਂ,
ਗੁੰਮ ਹੋਏ ਨੇ ਜਿਵੇਂ ਸੰਵਾਦ ਅੱਜ।

ਅੱਤ ਚੁੱਕੀ ਹਬਸ਼ੀ ਦਰਿੰਦਿਆਂ,
ਰੋਜ਼ ਹੀ ਛਿੜੇ ਵਿਵਾਦ ਅੱਜ।

ਘਰੋਂ ਬੇਘਰ ਕਈ ਹੋ ਗਏ,
ਕੋਈ ਆ ਕੇ ਕਰੇ ਆਬਾਦ ਅੱਜ।

ਹੋਈ ਸੋਚ ਲਹੂ ਲੁਹਾਨ ਹੈ,
ਫ਼ਿਰਕੂ ਰਿਸੇ ਮਵਾਦ ਅੱਜ।

ਸ਼ੋਰ 'ਚ ਕੁਰਲਾਹਟ ਗੁੰਮ ਹੈ,
ਸੰਖਾਂ ਦੇ ਸੁਣਦੇ ਨਾਦ ਅੱਜ।

ਤੂੰ ਜਿੰਦਾਦਿਲ ਕਵਿੱਤਰੀ,
ਤੇ ਮਾਣ 'ਨਾ ਕਰੀਏ ਯਾਦ ਅੱਜ।

ਤੇਰੇ ਵਰਗਾ ਕੀਹਨੇ ਲਿਖਣਾ,
ਲੇਖਕ ਭਾਰੀ ਤਾਦਾਦ ਅੱਜ।

ਤੈਨੂੰ ਕਰਾਂ ਅੰਮ੍ਰਿਤਾ ਯਾਦ ਅੱਜ।
ਤੇਰੀ ਕਲਮ ਨੂੰ ਦੇਵਾਂ ਦਾਦ ਅੱਜ।

# ਇਕਬਾਲ ਸਿੰਘ ਪੁੜੈਣ

## ਸ਼ਮਸ਼ਾਨ ਘਾਟ

ਜਦੋਂ ਰਥਵਾਨ ਉਡਾਰੀ ਮਾਰੇ ਅ ਰਥੀ ਹੋ ਜਾਂਦੇ ਨੇ।
ਚਹੁੰ ਜਣਿਆਂ ਦੇ ਚੜ੍ਹ ਕੰਨੇ ਸ਼ਮਸ਼ਾਨ ਆ ਜਾਂਦੇ ਨੇ।

ਸ਼ਮਸ਼ਾਨ ਭੂਮੀ ਵਿੱਚ ਆ ਕੇ ਸਾਰੇ ਸਮ ਹੋ ਜਾਂਦੇ ਨੇ।
ਹਉਮੈ ਅਹੰਕਾਰ ਤੇ ਉੱਚੇ ਰੁਤਬੇ ਫ਼ਨਾਹ ਹੋ ਜਾਂਦੇ ਨੇ।



ਰੰਗ ਰੂਪ ਤੇ ਹੁਸਨ ਜਵਾਨੀ ਸਭ ਖ਼ਾਕ ਹੋ ਜਾਂਦੇ ਨੇ।
ਅਮੀਰ ਗਰੀਬ ਜਾਤ ਪਾਤ ਬੰਧਨ ਰੱਦ ਹੋ ਜਾਂਦੇ ਨੇ।

ਅਮੁੱਲ ਸਵਾਸ ਕੌਡੀਆਂ ਤੇ ਜੋ ਖਰਚ ਕਰ ਜਾਂਦੇ ਨੇ।
ਅੰਤਲੇ ਸਮੇਂ ਸਭ ਕੂੜ ਦੇ ਬੰਧਨ ਸਾਥ ਛੱਡ ਜਾਂਦੇ ਨੇ।

ਲੋਕ ਬਾਡੀ ਕਹਿਣਗੇ ਜਦ ਸਵਾਸ ਪੂਰੇ ਹੋ ਜਾਂਦੇ ਨੇ।
ਰੱਖਣ ਚਿਤਾ ਤੇ ਆਪਣੇ ਹੀ ਅੱਗ ਦੇ ਲਾਂਬੂ ਲਾਂਦੇ ਨੇ।

ਰੱਬ ਦਾ ਸਿਮਰਨ ਕਰਦੇ ਜੋ ਨੇਕ ਕਮਾਈ ਖਾਂਦੇ ਨੇ।
ਸੱਚੀ ਸੰਗਤ ਕਰਦਿਆਂ ਜੀਵਨ ਸਫ਼ਲ ਬਣਾਂਦੇ ਨੇ।

ਇਕਬਾਲ ਰੱਬ ਕਿਰਪਾ ਜੋ ਨਾਮ ਸੰਗ ਜੁੜ ਜਾਂਦੇ ਨੇ।
ਪੰਚ ਚੋਰਾਂ ਨੂੰ ਜਿੱਤ ਕੇ , ਜਿੱਤ ਬਾਜ਼ੀ ਘਰ ਆਂਦੇ ਨੇ।

# ਜੋਗਿੰਦਰ ਪਾਂਧੀ (ਕਸ਼ਮੀਰ)

## ਗ਼ਜ਼ਲ



ਮਸੀਹ ਹੋਕੇ ਵੇਖੋ ਸ਼ਫਾ ਦੇਂਦਾ ਨਹੀ
ਵਫ਼ਾ ਮੇਰੀ ਦਾ ਵੀ ਸਿਲਾ੍ ਦੇਂਦਾ ਨਹੀ
مسیح ہوکے ویکھو شفا دیندا نہئی
وفا میری دا وی .صلہ دیندا نہئی
ਸਮੁੰਦਰ ਬੁਲਾ ਰਿਹਾ ਕਿ ਡੁਬ ਜਾ ਆਕੇ
ਮਗਰ ਡੁਬਣੇ ਦਾ ਹੌਂਸਲਾ ਦੇਂਦਾ ਨਹੀ
سمندر 'بلا' رہیا کہ 'ڈب' جا 'اکے
مگر 'ڈبنے' دا حوصلہ دیندا نہئی
ਖੁਦਾਈ 'ਚ ਬੈਠਾ ਖੁਦਾ ਮੰਨਿਆ ਪਰ
ਖੁਦਾ ਫਿਰ ਵੀ ਅਪਣਾ ਪਤਾ ਦੇਂਦਾ ਨਹੀ
'خدائی .وچ بیٹھا 'خدا منیا پر
'خدا پھر وی اپنا پتے دیندا نہئی
ਦਿਤੀ ਜ਼ਿੰਦਗੀ ਮੈਨੂੰ ਤੂੰ ਜਿਸ ਤਰਾਂ ਵੀ
ਕੁਈ ਇਸ ਤਰਾਂ ਦੀ ਸਜ਼ਾ ਦੇਂਦਾ ਨਹੀ
.دتی.زندگی مینوں تو .جس طرح وی
کوئی .اس طرح دی سزا دیندا نہئی
ਉੱਞ ਮੰਦਰ ਜਾਂ,ਮਸਜਿਦ ਤੋਂ ਗੂੰਜਣ ਮਾਇਕ
ਕੁਈ ਤੂਰ ਤੇ ਚੜ੍ਹ ਸਦਾ੍ ਦੇਂਦਾ ਨਹੀ
'انج مندر جاں مسجد توں گونجڑ مائک
کوئی 'تور تے چڑھ صدا دیندا نہئی

ਉਹ ਕਾਤਲ ਸੀ, ਬਣ ਬੈਠਾ ਮੁਨਸਿਫ ਮੇਰਾ
ਨਿਯਾਂ ਐਸਾ ਜੋ ਫੈਸਲਾ ਦੇਂਦਾ ਨਹੀ
اوہ قاتل سی, بن بیٹھا 'منصف میرا
نیاں ایسا جو فیصلہ دیندا نہئی
ਖਾ ਜਾਂਦਾ ਹੈ ਧੋਖਾ ਨਜ਼ਰ ਅਪਣੀ ਤੋਂ
ਕਿਸੇ ਹੋਰ ਨੂੰ ਪਾਂਧੀ .ਖਤਾ ਦੇਂਦਾ ਨਹੀ
کھا جاندا ھے دھوکھا نزر اپنی توں
.کسے ھور نوں پاندھی خطا دیندا نہئی

# ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K)

## ਵੱਖਰੇਵਾਂ



ਤੈਨੂੰ ਸੱਜਣਾ ਹੋਣ ਮੁਬਾਰਕ, ਤਿਆਸਮੇ ਅਤੇ ਚੁਬਾਰੇ,
ਸਾਡੇ ਲਈ ਨੇ 'ਸੁਰਗਾਂ ਵਰਗੇ, ਕੁਲੀਆਂ ਛੰਨਾਂ ਢਾਰੇ।

ਮਕਰਾਣੇ ਦੇ ਪੱਥਰ ਵਾਲ਼ੀਆਂ, ਫਰਸ਼ਾਂ, ਕੰਧਾਂ-ਛੱਤਾਂ,
ਯਾਰ ਦੀ ਕੁੱਲੀ ਤੋਂ ਨਾ ਸੋਹਣੇ, ਤੇਰੇ ਮਹਿਲ ਮੁਨਾਰੇ।

ਅੱਜ ਦਾ ਕ੍ਰਿਸ਼ਨ ਸੁਦਾਮੇ ਕੋਲ਼ੋਂ, ਕੋਹਾਂ ਦੂਰ ਹੋ ਬਹਿੰਦਾ,
ਮਾਲਿਕ ਭਾਗੋ ਹੁਕਮ ਚਲਾਵੇ, ਲਾਲੋ ਬਣੇ ਵਿਚਾਰੇ।

ਤੱਤੀ ਰੇਤ ਸੀਸ ਤੇ ਪੈਂਦੀ, ਤੱਤੀ ਤਵੀ ਤੇ ਆਸਣ,
"ਤੇਰਾ ਭਾਣਾ ਮੀਠਾ ਲਾਗੇ", ਮੁੱਖ ਤੋਂ ਬਚਨ ਉਚਾਰੇ।

ਪੈਸੇ ਦੀ ਝਿੱਲਮਣ ਤੇ ਮਰਦੀ, ਅੱਜ ਦੀ ਦੁਨੀਆ ਸਾਰੀ,
ਅਸਲ ਹੀਰੇ ਦੀ ਪਰਖ ਤੋਂ ਖੁੰਝੇ, ਹੁਣ ਦੇ ਪਾਰਖੂ ਭਾਰੇ।

ਮਾਰੂਥਲ ਦੀਆਂ ਤੱਤੀਆਂ ਰੇਤਾਂ, ਕਦੇ ਤਰਸ ਨਾ ਖਾਵਣ,
ਸੱਸੀ ਵਰਗੀਆਂ ਨਾਜ਼ਕ ਜਿੰਦਾਂ, ਭੁੰਨ ਸੁੱਟਣ ਭਠਿਆਰੇ।

ਕਾਂਸ਼ੀ ਸ਼ਹਿਰ ਬ੍ਰਾਹਮਣ ਬਸਤੀ, ਜਾਤ-ਵਰਣ ਦਾ ਡੇਰਾ,
ਨਵੀਂ ਕ੍ਰਾਂਤੀਕਾਰੀ ਲੈ ਕੇ ਆਏ, ਧੰਨ ਰਵਿਦਾਸ ਪਿਆਰੇ।

ਬੋਤਾ ਸਿੰਘ ਤੇ ਗਰਜਾ ਸਿੰਘ ਜੀ, ਬੀਰ ਬਹਾਦਰ ਯੋਧੇ,
ਪਿੱਠਾਂ ਜੋੜ ਕੇ ਡਾਂਗ ਵਰ੍ਹਾਈ, ਛਾਂਗ ਸੁੱਟੇ ਹਤਿਆਰੇ।

ਤੰਦ ਪਿਆਰ ਦੀ ਗੰਢਣ ਵਾਲ਼ੇ, ਤਾਣੀ ਨਹੀਂ ਉਲਝਾਉਂਦੇ,
ਅੱਟੀ ਮੁੱਲ ਪੁਆਉਂਦੇ ਵੇਖੋ, ਆਸ਼ਕ ਤੋਂ ਬਲਿਹਾਰੇ।

ਤੋੜ ਵਿਛੋੜੀਆਂ ਕਦੇ ਨਾ ਕਰੀਏ, ਯਾਰ ਦੇ ਵਿਹੜੇ ਬਹਿਕੇ,
ਮੌਤ ਮਿਲ਼ੇ, ਲੱਖ ਵਾਰੀ ਮਿਲ ਜਾਏ, ਪੈਣ ਮਾਮਲੇ ਭਾਰੇ।

ਮੈਂ ਧਰਤੀ ਦੀ ਤਹਿ ਤੋਂ ਨੀਵਾਂ, ਤੂੰ ਅੰਬਰ ਨੂੰ ਛੂਹਵੇਂ,
ਮੇਰੀ ਉਮਰ ਵੀ ਤੈਨੂੰ ਲੱਗੇ, ਜੀਓ ਮੇਰੇ ਮੀਤ ਪਿਆਰੇ।

ਆਖਣ ਨੂੰ ਤਾਂ ਇਸ਼ਕ ਦਾ ਰੁਤਬਾ, ਹੁੰਦਾ ਰੱਬ ਬਰਾਬਰ,
ਮੋਰੀ ਵਾਲ਼ੀ ਇੱਟ ਕਦੇ ਵੀ, ਲੱਗਦੀ ਨਹੀਂ ਚੁਬਾਰੇ।

ਸਾਰੇ ਜੱਗ ਤੋਂ ਵਾਹਲ਼ਾ ਸੋਹਣਾ, ਕਹਿੰਦੇ ਬਲਖ-ਬੁਖਾਰਾ,
ਭੋਗਲ ਉੱਥੇ ਉਹ ਸੁੱਖ ਨਾਂਹੀਂ, ਜੋ ਮਿਲ਼ਦਾ ਛੱਜੂ ਵਾਲ਼ੇ ਚੁਬਾਰੇ।

# ਬਲਬੀਰ ਸਿੰਘ 'ਬੇਲੀ'

## ਗਜ਼ਲ.



ਕੋਈ ਯਾਰ ਨਾ ਰਿਹਾ,
ਦਿਲਦਾਰ ਨਾ ਰਿਹਾ |
ਪਹਿਲਾਂ ਵਾਲਾ ਦਿੱਲਾਂ`ਚ,
ਪਿਆਰ ਨਾ ਰਿਹਾ |

ਦੇ ਕੇ ਉਧਾਰ ਰਹੇ ,
ਦਿੱਲ ਸਦਾ ਡਰਦਾ,
ਸੱਕੇ ਹੀ ਭਰਾ ਦਾ,
ਇਤਬਾਰ ਨਾ ਰਿਹਾ |

ਵਾਅਦਾ ਕਰ ਤੋੜ ਹੈ,
ਨਿਭਾਅ ਜਾਵੇ ਕੋਈ,
ਕਿਸੇ ਦਾ ਤਾਂ ਪੱਕਾ,
ਇਕਰਾਰ ਨਾ ਰਿਹਾ |

ਦਿਲ ਨਹੀਂ ਕਰਦਾ ,
ਜਾਵਾਂ ਕਿਸ ਕੋਲ,
ਦਿੱਲੋਂ ਨਿੱਘ ਵਾਲਾ,
ਨਾਤੇਦਾਰ ਨਾ ਰਿਹਾ |

ਘੱਟ ਰਹੀ ਤਮੀਜ਼ ,
ਹੁਣ ਵੱਡੇ ਛੋਟੇ ਦੀ,
ਜੀਭ. ਉੱਤੇ ਕੋਈ,
ਇਖਤਿਆਰ ਨਾ ਰਿਹਾ |

ਕੰਢੇ ਵਾਂਗੂੰ ਚੁੱਭਦਾ,
ਸੁਗੰਧ ਰਹੀ ਨਾ,
ਫੁੱਲਾਂ ਵਾਂਗ ਹੁਣ,
ਸੰਸਾਰ ਨਾ ਰਿਹਾ |

ਵੱਡਿਆਂ ਦੀ ਭਲਾ,
ਕਿੱਦਾਂ ਮਿਲੇਗੀ ਅਸੀਸ,
ਉਨਾਂ ਲਈ ਜੇ ਦਿੱਲੋਂ,
ਸਤਿਕਾਰ ਨਾ ਰਿਹਾ

ਸੰਗ ਦਿੱਲ `ਬੇਲੀ`
ਨਹੀਂ ਰੀਂ ਰੀਂ ਕਰਦਾ,
ਮਾਹੌਲ ਭਾਵੇਂ ਖੁਸ਼
ਗਵਾਰ ਨਾ ਰਿਹਾ |

# ਸੁੱਖਪ੍ਰੀਤ ਕੌਰ ਖਹਿਰਾ

## ਨੰਨ੍ਹੀ ਜਾਨ ਦੀ ਪੁਕਾਰ

ਤੇਰੇ ਹੀ ਖੂਨ ਦਾ ਅੰਸ਼ ਹਾਂ ਮਾਏ ਨੀ ਮੈਂ ,
ਮੈਨੂੰ ਕਰਲਾ ਤੂੰ ਮਾਏ ਸਵਿਕਾਰ ਨੀ।
ਬਾਬਲ ਦੀ ਵੀ ਮਨੂੰਗੀ ਗੀ ਹਰ ਗੱਲ ਮੈ,
ਤੇਰੇ ਨਾਲ ਕਰੂੰਗੀ ਮੈ ਮਾਏ ਲਾਡ ਨੀ।
ਦੁਨੀਆਂ ਵੇਖਣ ਦਾ ਸੁਪਨਾ ਨੀ ਮੇਰਾ,
ਤੇਰੇ ਹੱਥੋਂ ਨਾ ਜਾਵਾ ਮਾਏ ਮੈਂ ਹਾਰ ਨੀ।
ਨੀ ਮਾਏ! ਸੁਣ ਲੈ ਮੇਰੀ ਪੁਕਾਰ ਨੀ,
ਹਾੜਾ! ਮਾਏ ਮੈਨੂੰ ਕੁੱਖ 'ਚ ਨਾ ਮਾਰ ਨੀ।

ਇੱਕ ਵਾਰ ਕਰਲਾ ਗੱਲ ਬਾਬਲ ਨਾਲ,
ਨਾ ਮੇਰੀ ਜਿੰਦ ਨਾਲ ਕਰ ਖਿਲਵਾੜ ਨੀ।
ਹਰ ਗੱਲ ਮਨੂੰਗੀ ਮੈ ਤੇਰੀ ਮਾਏ ਨੀ,
ਚੁੱਪ ਕਰਕੇ ਸਹਿ ਲਊਂ ਤੇਰੀ ਫਟਕਾਰ ਨੀ।
ਮੈਨੂੰ ਵੀ ਕਰਲਾ ਥੋੜ੍ਹਾ ਲਾਡ ਤੂੰ ਮਾਏ,
ਹਾੜ੍ਹਾ ! ਨੀ ਮਾਏ ਨਾ ਮੈਨੂੰ ਤ੍ਰਿਸ਼ਕਾਰ ਨੀ।
ਨੀ ਮਾਏ! ਸੁਣ ਲੈ ਮੇਰੀ ਪੁਕਾਰ ਨੀ,
ਹਾੜਾ! ਮਾਏ ਮੈਨੂੰ ਕੁੱਖ 'ਚ ਨਾ ਮਾਰ ਨੀ।

ਜੇ ਤੈਨੂੰ ਨਹੀ ਆ ਲੋੜ ਮੇਰੀ ਮਾਏ ਨੀ,
ਛੱਡ ਆਵੀ ਕਿਸੇ ਅਨਾਥ ਆਸ਼ਰਮ 'ਚ,
ਚਾਹੇ ਦੇ ਦੇਵੀ ਜਿਹਨਾ ਦੀ ਨਹੀ ਕੋਈ ਔਲਾਦ,
ਮੈਂ ਵੀ ਦੇਖਣਾ ਚਾਹੁੰਦੀ ਆ ਰੰਗ ਏ ਦੁਨੀਆ ਦੇ,
ਮੇਰੀ ਇਸ ਗੱਲ ਤੇ ਕਰ ਲਾ ਕੁਝ ਵਿਚਾਰ,
ਨੰਨ੍ਹੀ ਜਾਨ ਕੱਢਦੀ ਹਾੜ੍ਹੇ ਸੁਣ ਮਾਏ ਪੁਕਾਰ,



ਨੀ ਮਾਏ! ਸੁਣ ਲੈ ਮੇਰੀ ਪੁਕਾਰ ਨੀ,
ਹਾੜਾ! ਮਾਏ ਮੈਨੂੰ ਕੁੱਖ 'ਚ ਨਾ ਮਾਰ ਨੀ।

ਮੈਂ ਵੀ ਮਨਾਉਣਾ ਚਾਹੁੰਦੇ ਸ਼ਗਨ ਵੀਰੇ ਦੇ,
ਕਿਹੜੀ ਗੱਲੋਂ ਮਾਏ ਦੱਸ ਇਤਰਾਜ ਨੀ,
ਮਾਰ ਨਾ ਮੈਨੂੰ ਦੁਨੀਆ ਤੇ ਆਉਣ ਤੋ ਪਹਿਲਾ,
ਕਰ ਲਾ ਮਾਏ ਮੈਨੂੰ ਤੂੰ ਸਵੀਕਾਰ ਨੀ,
ਰੱਖੂ ਮੈਂ ਖਿਆਲ ਪੂਰਾ ਤੇਰਾ ਤੇ ਬਾਬਲ ਦਾ,
ਨਾਲੇ ਸਭਦਾ ਕਰੂ ਦਿਲੋਂ ਸਤਿਕਾਰ ਨੀ,
ਧੀਆਂ ਵੰਡਾਉਦੀਆਂ ਦੁੱਖ-ਸੁੱਖ ਮਾਪਿਆ ਦਾ,
ਕਹਿੰਦੀ ਨਿਮਾਣੀ "ਸੁੱਖ" ਹਰ ਵਾਰ ਨੀ,
ਨੀ ਮਾਏ! ਸੁਣ ਲੈ ਮੇਰੀ ਪੁਕਾਰ ਨੀ,
ਹਾੜਾ! ਮਾਏ ਮੈਨੂੰ ਕੁੱਖ 'ਚ ਨਾ ਮਾਰ ਨੀ।

# ਲੈਕਚਰਾਰ ਦਵਿੰਦਰ ਪਾਲ ਬਾਤਿਸ਼

## ਕਾਵਿ-ਰਚਨਾ



ਸ਼ਬਦ ਜਾਗ ਪੈਂਦੇ ਨੇ ਜਦੋਂ ਕਹਿਣ ਦੇ ਲਈ ਕੁੱਝ ਹੋਵੇ,
ਚਿੰਤਾ ਮੁਕਤ ਮਨੁੱਖ ਹੀ ਤਾਣ ਕੇ ਸਦਾ ਲੰਬੀਆਂ ਸੋਵੇ।
ਬਚਪਨ ਦੀ ਮੌਜ ਮਸਤੀ ਦਾ ਜ਼ਿਕਰ ਕਦੇ ਨਾ ਮੁੱਕੇ,
ਬਿਨਾਂ ਪਾਣੀ ਤੋਂ ਸੋਕੇ ਕਰਕੇ ਰੁੱਖ ਕਦੇ ਵੀ ਨਾ ਸੁੱਕੇ।
ਪੱਥਰ ਦੇ ਨਾਲ ਤਕਰਾਰ ਸ਼ੁਰੂ ਹੋ ਗਿਆ ਹੈ ਸ਼ੀਸ਼ੇ ਦਾ,
ਮੰਗ ਲਿਆ ਤੁਰੰਤ ਹਿਸਾਬ ਕਿਤਾਬ ਦੂਜੇ ਹਿੱਸੇ ਦਾ।
ਸੁੰਨ ਚੜ੍ਹਦਾ ਹੱਡਾਂ ਨੂੰ ਪੈਂਦਾ ਹੈ ਜਦੋਂ ਵੀ ਕੋਰਾ ਕੱਕਰ,
ਜੀਵਨ ਡਾਵਾਂਡੋਲ ਹੋ ਜਾਂਦਾ ਪੈਂਦਾ ਜਦੋਂ ਕੋਈ ਚੱਕਰ।
ਚਿੰਤਾ ਘੁਣ ਵਾਂਗ ਖੋਖਲਾ ਕਰ ਦਿੰਦੀ ਹੈ ਸਰੀਰ ਨੂੰ,
ਹਰ ਚੰਗੀ ਮੰਦੀ ਦਾ ਫਲ ਭੋਗਣਾ ਪੈਂਦਾ ਅਖੀਰ ਨੂੰ।
ਹੋਣੀ ਹਾਰ ਕਬੂਲਣੀ ਪੈਂਦੀ ਘੇਰੇ ਜਦੋਂ ਮਾੜਾ ਵਕਤ,
'ਦੇਵ' ਧੀ ਪੁੱਤ ਚੰਡਣੇ ਪੈਂਦੇ ਨੇ ਹੋ ਥੋੜ੍ਹਾ ਜਿਹਾ ਸਖ਼ਤ।

The Hind Canadian Times
A Multilingual Newspaper
WORLD, BUSINESS, LIFESTYLE, SPORTS
A weekly Leading Newspaper
Email : thehindcanadiantimes@gmail.com

# ਗੁਰਦੀਪ ਗਿੱਲ

## ਠੰਡੀ ਵਾਅ ਬਣ ਜਾ

ਕਦੇ ਧੁੱਪ ਬਣ ਜਾ, ਤੂੰ ਕਦੇ ਛਾਂ ਬਣ ਜਾ।
ਕਦੇ ਪਿੱਛੋਂ ਆਉਂਦੀ ਠੰਡੀ ਵਾਅ ਬਣ ਜਾ ।

ਤੇਰੇ ਸਾਹਾਂ 'ਚ ਸੁਗੰਧ ਤੇਰੇ ਬੋਲਾਂ 'ਚ ਮਿਠਾਸ।
ਤੇਰੀ ਤੋਰ ਦੀ ਰਵਾਨੀ ਪਾਉਂਦੀ ਪਾਣੀ ਨੂੰ ਵੀ ਮਾਤ।
ਕਦੇ ਸਰਘੀ ਦੀ ਸੱਜਰੀ ਫਿਜ਼ਾ ਬਣ ਜਾ।

ਤੇਰੇ ਚੇਹਰੇ 'ਤੇ ਤਰੇਲ ਧੋਤੇ ਫੁੱਲਾਂ ਜਿਹੀ ਭਾਅ।
ਤੇਰੇ ਨੈਣਾਂ ਵਿੱਚ ਲੋਹੜੇ ਦਾ ਖੁਮਾਰ ਜਾਪਦਾ।
ਸਾਡੇ ਸਹਿਕਦੇ ਖਿਆਲਾਂ ਦੀ ਦੁਆ ਬਣ ਜਾ।



ਤੈਨੂੰ ਆਖਾਂ ਇੱਕ ਗੱਲ ਜੇ ਦੇਵੇਂ ਨਾ ਤੂੰ ਟਾਲ।
ਤੇਰੀ ਚੁੱਪ ਨੇ ਜੋ ਡੀਕੇ ਸਾਡੇ ਮੋੜ ਦੇ ਸਵਾਲ।
ਬਚੇ ਹੌਕਿਆਂ ਦੀ ਪੀੜ ਦੀ ਵਜ੍ਹਾ ਬਣ ਜਾ।

ਤੇਰੀ ਹਾਂ ਵੀ ਕਬੂਲ ਤੇਰੀ ਨਾਂਹ ਵੀ ਕਬੂਲ।
ਰਹਿ ਨੇੜੇ ਸਾਡੇ ਹੋਰ ਜਾਹ ਨਾ ਤੂੰ ਦੂਰ ।
ਝੱਲੇ 'ਦੀਪ' ਦੇ ਦਿੱਲ ਦੀ ਰਜ਼ਾਅ ਬਣ ਜਾ ।



# ਜਤਿੰਦਰ ਸ਼ਹਿਰ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ

## ਸੱਚ ਕੌੜਾ ਹੁੰਦਾ

ਅਮੀਰਾਂ ਦੇ ਕਤਲ ਵੀ ਮਾਫ਼ ਹੋ ਜਾਂਦੇ,
ਗਰੀਬ ਝੂਠ ਵੀ ਬੋਲੇ ਤਾਂ ਓਹਨੂੰ ਜੇਲ ਆ।

ਮਿਹਨਤ ,ਹੁਨਰ ਗਰੀਬ ਦਾ ਲੁੱਕਿਆ ਰਹਿੰਦਾ,
ਕੰਮ ਸਿਫ਼ਾਰਿਸ਼ ਵਾਲੇ ਪੈਸੇ ਦਾ ਰੋਲਾ ਮਸ਼ਹੂਰ ਆ।



ਸੱਭ ਵਿੱਕ ਜਾਂਦੇ ਲੀਡਰ ਸ਼ੀਡਰ ਕੁਰਸੀਆ ਵਾਲੇ,
ਸਰਕਾਰ ਕੋਈ ਵੀ ਲੁੱਚਾ ਬੰਦਾ ਘਪਲਾ ਕਰਦਾ
ਜਰੂਰ ਆ।

ਨਸ਼ਾ,ਜਬਰਜਨਾਹੀ ਤੇ ਧਰਮਾਂ ਦੀ ਬੇਅਦਵੀ ਕਈ
ਕਹਿੰਦੇ ਚੱਲਦੀ ਰਹੇ,
ਸਿਆਸਤਾਂ ਵਾਲੇ ਤਮਾਸ਼ਾ ਦੇਖਣ ਤੇ ਜਨਤਾ ਦਾ
ਨੁਕਸਾਨ ਹੁੰਦਾ ਜ਼ਰੂਰ ਆ।

ਕੋਟ, ਕਚਹਿਰੀ ਹਸਪਤਾਲ ਮੂੰਹ ਮੰਗਿਆ ਦਾਹ
ਲਾਈ ਜਾਂਦੇ,
ਉੱਚਾ ਜੀਵੇ ਨੀਵਾ ਮਰੇ 'ਜਤਿੰਦਰਾ' ਆਟੇ ਦੇ ਨਾਲ
ਘੁਣ ਪਿੱਸਦਾ ਜਰੂਰ ਆ।



# ਪ੍ਰਸ਼ੋਤਮ ਪੱਤੋ



## (ਪੰਜਾਬੀ ਮਾਂ)

ਪੰਜਾਬੀ ਮਾਤਾ ਤੇਰੇ ਸਿਰ 'ਤੇ ਸੁਨਹਿਰੀ ਸਿਰਤਾਜ ਨੀ।

ਗ੍ਰੰਥਾਂ ਵਿੱਚ ਤੇਰੀ ਤਾਂ ਹੀ ਗੂੰਜਦੀ ਆਵਾਜ਼ ਨੀ।

ਟੱਪੇ, ਢੋਲਿਆ,ਕਲੀਆਂ 'ਚ ਮਾਏ ਤੇਰਾ ਨੂਰ ਨੀ,

ਸਿੱਠਣੀਆਂ,ਦੋਹੇ, ਗੀਤ ਮਿੱਠੇ ਲੈਅ ਭਰਭੂਰ ਨੀ।

ਗਿੱਧੇ ਦੀਆਂ ਬੋਲੀਆਂ ਭੰਗੜੇ ਪੰਜਾਬੀਆਂ ਦੀ ਸ਼ਾਨ ਨੀ,

ਕੋਰੜਾ,ਕਬਿਤ,ਦਵੱਈਆ ਛੰਦ ਬੈਂਤ ਹੈ ਮਹਾਨ ਨੀ।

ਰੁਬਾਈ, ਕਵਿਸ਼ਰੀ, ਭਗਤਾਂ ਦੀ ਕਾਫੀ ਮਸ਼ਹੂਰ ਨੀ,

ਮੌਤ ਦੇ ਵੈਣ ਜੋਸ਼ ਦੀ ਵਾਰ ਤੇਰੀ ਹੇਕ 'ਚ ਸਰੂਰ ਨੀ।

'ਕੱਤੀ ਰਾਗਾਂ 'ਚ ਗੁਰਬਾਣੀ ਖੋਲੇ ਜ਼ਿੰਦਗੀ ਦੇ ਰਾਜ ਨੀ,

ਕੀਰਤਨ ਵਿਚੋਂ ਗੂੰਜਦੇ ਨੇ ਮਿੱਠੇ- ਮਿੱਠੇ ਸਾਜ ਨੀ।

ਕੀਹਨੇ ਸਾਡੀ ਸੱਭਿਅਤਾ ਭਰ ਦਿੱਤੀ ਜ਼ਹਿਰ ਨਾਲ ਨੀ,

ਸ਼ਬਦਾਂ ਤੋਂ ਪਰਦੇ ਚੁੱਕੇ ਆ ਗਿਆ ਨੰਗੇਜ਼ ਦਾ ਭੁਚਾਲ ਨੀ।

## ( ਕਦਮ )

ਐ ਮਰਦ!

ਧਿਆਨ ਨਾਲ ਸੁਣ

ਮੈਂ ਹੁਣ ਪੜ੍ਹ ਲਿਖ ਕੇ

ਤੇਰੇ ਨਾਲੋਂ

ਹਰ ਕੰਮ ਵਿੱਚ ਅੱਗੇ ਹਾਂ।

ਮੈਂ ਵੀ ਹਾਂ

ਹੱਡ ਮਾਸ ਦਾ ਪੁਤਲਾ

ਮੇਰੇ ਅੰਦਰ ਵੀ ਹੈ

ਦਿਲ ਤੇ ਦਿਮਾਗ।

ਮੈਂ ਹੁਣ

ਮਰਦ ਨਾਲੋਂ ਵਧੇਰੇ

ਕਦਮ ਪੁੱਟਣ,


ਤੇ ਔਰਤ ਹੱਕਾਂ ਲਈ ਅਗਵਾਈ ਕਰਨ ਦੇ ਹਾਂ

ਸਮਰੱਥ।



# ਭਗਤ ਨਰਾਇਣ

## ਗ਼ਜ਼ਲ



ਮਨ ਦੀ ਕੈਨਵਸ 'ਤੇ ਰੰਗ ਖਿਲ੍ਹਰੇ ਬੇਸ਼ੁਮਾਰ ।
ਕੋਈ ਰੰਗ ਨਾ ਕਰ ਸਕਿਆ ਮਨ ਦਾ ਸ਼ਿੰਗਾਰ ।

ਰੰਗ ਬਣੇ ਕੰਡੇ ਨਹੀਂ ਫੁੱਲ ਬਣ ਸਕੇ ,
ਵੇਖ ਅੱਖਰੂ ਕਿਰੇ ਇਕ ਇਕ ਕਰ ਕਈ ਹਜਾਰ ।

ਸੱਧਰਾਂ ਦੀ ਡੋਲੀ ਚੱਲੀ ਮੜ੍ਹੀਆਂ ਦੇ ਰਾਹ ,
ਰਸਤੇ ਵਿੱਚ ਵੀ ਕੋਈ ਕੰਡੇ ਗਿਆ ਖਲਾਰ ।

ਕੈਨਵਸ ਬਣੀ ਜਿੰਦਾ ਦਿਲ ਦਾ ਕਬਰਸਤਾਨ ,
ਵਿੱਚ ਉੱਗੀ ਪੋਹਲੀ ਆਪਣਾ ਰੰਗ ਨਿਖਾਰ ।

ਮੁੱਲ ਦੀ ਖ਼ੁਸ਼ਬੂ ਵੀ ਪਲ ਦੋ ਪਲ ਦੀ ਏ ,
ਵਰਚਾ ਨਾ,ਸਕੀ ਦਿਲ ਕਰ ਗਈ ਹੋਰ ਬੀਮਾਰ ।

ਅਣਗਿਣਤ ਕਹਿਕਸ਼ਾ ਜੋ ਮਨ ਵੱਸੀਆਂ ,
ਲੰਘ ਜਾਵਾਂਗਾ ਇਕ ਦਿਨ ਇਹਨਾਂ ਤੋ ਪਾਰ ।

# ਅੱਖਰਾਂ ਦੇ ਆਸ਼ਿਕ ਸਾਹਿਤ ਮੰਚ ਨੇ ਕਰਵਾਇਆ ਕਵੀ ਦਰਬਾਰ ਅਤੇ ਪੁਸਤਕ ਲੋਕ ਅਰਪਣ ਸਮਾਗਮ

## "ਹਸਰਤ" ਅਤੇ "ਚਿੜੀਆਂ" ਦੋ ਕਾਵਿ ਪੁਸਤਕਾਂ ਹੋਈਆਂ ਲੋਕ ਅਰਪਣ

ਗਗਨਦੀਪ ਸਿੰਘ (ਬਠਿੰਡਾ) 28 ਅਗਸਤ: ਬੀਤੇ ਦਿਨੀਂ ਅੱਖਰਾਂ ਦੇ ਆਸ਼ਿਕ ਸਾਹਿਤ ਮੰਚ: ਪੰਜਾਬ ਵੱਲੋਂ ਟੀਚਰ ਹੋਮ ਬਠਿੰਡਾ ਵਿਖੇ ਕਵੀ ਦਰਬਾਰ ਅਤੇ ਪੁਸਤਕ ਲੋਕ ਅਰਪਣ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਗੁਰੀ ਆਦੀਵਾਲ ਵੱਲੋਂ ਸੰਪਾਦਿਤ ਕੀਤਾ ਸਾਂਝਾ ਕਾਵਿ ਸੰਗ੍ਰਹਿ "ਹਸਰਤ" ਅਤੇ ਲੇਖਕ ਅਵਤਾਰ ਸਿੰਘ ਢਿੱਲੋਂ ਦੀ ਪਲੇਠੀ ਕਾਵਿ ਪੁਸਤਕ "ਚਿੜੀਆਂ" ਦੋ ਪੁਸਤਕਾਂ ਲੋਕ ਅਰਪਣ ਹੋਈਆਂ। ਇਸ ਸਮਾਗਮ ਵਿੱਚ ਪੰਜਾਬ ਦੇ ਉੱਘੇ ਕਵੀਸ਼ਰ ਮਾਸਟਰ ਰੇਵਤੀ ਪ੍ਰਸ਼ਾਦ ਅਤੇ ਸ਼ਾਇਰਾਂ ਸਿਮਰਨ ਅਕਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹ ਸਮਾਗਮ ਡਾ. ਕੁਲਵਿੰਦਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਰਾਜ ਮੰਡੀ ਕਲਾਂ ਵੱਲੋਂ ਨਿਭਾਈ ਗਈ। ਸਮਾਗਮ ਦੀ ਸ਼ੁਰੂਆਤ ਵਿੱਚ ਪੰਜਾਬੀ ਸਾਹਿਤ ਦੇ ਉੱਘੇ ਲੇਖਕ ਅਤੇ ਆਲੋਚਕ ਦੇਸ ਰਾਜ ਕਾਲੀ ਜੀ ਦੇ ਬੇਵਕਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣ ਤੇ ਸਾਹਿਤਕਾਰਾਂ ਵੱਲੋਂ ਅਫ਼ਸੋਸ ਪ੍ਰਗਟ ਕੀਤਾ ਗਿਆ। ਸਮਾਗਮ ਵਿੱਚ ਹਾਜ਼ਿਰ ਕਵੀਆਂ ਵੱਲੋਂ ਕਵਿਤਾ ਪਾਠ ਕੀਤਾ ਗਿਆ ਜਿਸ ਵਿੱਚ ਕੁਲਦੀਪ ਸਿੰਘ ਬੰਗੀ, ਜੱਸ ਬਠਿੰਡਾ, ਪ੍ਰੋ. ਡਾ. ਗੁਰਜੀਤ ਸਿੰਘ ਖਾਲਸਾ, ਪ੍ਰਿੰ. ਬਲਵੀਰ ਸਿੰਘ ਸਨੇਹੀ, ਕਵੀਸ਼ਰ ਦਰਸ਼ਨ ਭੰਮੇ, ਕੁਲਦੀਪ ਸਿੰਘ ਦੀਪ, ਸਿਕੰਦਰ ਚੰਦਭਾਨ, ਵਤਨਵੀਰ ਜ਼ਖ਼ਮੀ, ਸ਼ਿਵੂ, ਹਰਸ਼ ਗੱਦਰਖੇੜਾ, ਹੈਰੀ ਭੋਲੂਵਾਲਾ, ਸੁਖਨੂਰ ਸਿੰਘ, ਸੁਰਿੰਦਰ ਸਿੰਘ ਆਦਿ ਕਵੀਆਂ ਵੱਲੋਂ ਹਾਜ਼ਰੀ ਭਰੀ ਗਈ। ਸਮਾਗਮ ਦੇ ਅੰਤ ਵਿੱਚ ਮੰਚ ਦੇ ਪ੍ਰਧਾਨ ਕੰਵਰਜੀਤ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਸਭਨਾਂ ਹਾਜ਼ਰ ਨਾਜ਼ਰ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਕੈਫੇ ਵਰਲਡ ਪਬਲੀਕੇਸ਼ਨਜ਼ ਵੱਲੋਂ ਚਲਾਈ ਗਈ 'ਹਰ ਨੌਜਵਾਨ ਹੱਥ ਕਿਤਾਬ' ਮੁਹਿੰਮ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ।






# ਕੰਵਲਜੀਤ ਕੌਰ ਜੁਨੇਜਾ

## ਨਿਵੇਕਲੀ ਸੋਚ

ਰੱਖੜੀਆਂ ਖਰੀਦਦੇ ਹੋਏ ਮੇਰੀ ਨਜ਼ਰ ਇੱਕ ਮੁੰਡੇ ਤੇ ਪਈ ਜਿਹੜਾ ਰੱਖੜੀਆਂ ਖਰੀਦ ਰਿਹਾ ਸੀ, ਮੈਂ ਕਿਹਾ,'! ਕਾਕਾ! ਰੱਖੜੀਆਂ ਤਾਂ ਭੈਣਾਂ ਖਰੀਦਦੀਆਂ ਨੇ, ਤੇ ਤੂੰ ਖਰੀਦ ਰਿਹਾ ਏਂ। '

ਨਿੱਕੀ ਉਮਰੇ ਇਹ ਜਵਾਬ ਸੁਣ ਕੇ ਹੈਰਾਨ ਰਹਿ ਗਈ, ਆਖਣ ਲੱਗਾ ,'ਇਹ ਤਿਉਹਾਰ ਭੈਣ ਭਰਾ ਦੇ ਪਿਆਰ ਦਾ ਹੈ, ਸਾਡੀ ਭੈਣ ਨੇ ਸਾਨੂੰ ਮਾਪਿਆਂ ਵਾਂਗ ਪਾਲਿਆ, ਛੋਟੀ ਉਮਰੇ ਹੀ ਸਾਡੇ ਮਾਪੇ ਸਾਡਾ ਸਾਥ ਛੱਡ ਗਏ , ਸਾਨੂੰ ਸਾਡੀ ਭੈਣ ਨੇ ਕਦੀਂ ਕਮੀ ਨਹੀਂ ਮਹਿਸੂਸ ਹੋਣ ਦਿੱਤੀ, ਦੁਲਾਰ ਪਿਆਰ ਦਿੱਤਾ,ਸਾਨੂੰ ਪੜ੍ਹਾ ਲਿਖਾ ਕੇ ਪੈਰਾਂ ਤੇ ਖੜ੍ਹਾ ਕੀਤਾ, ਅਸੀਂ ਇੰਨਾ ਕਾਬਲ ਆਪਣੇ ਆਪ ਨੂੰ ਨਹੀਂ ਸਮਝਦੇ ਕਿ ਰਖੜੀ ਉਹਦੇ ਕੋਲੋਂ ਬਨ੍ਹਾਈਏ।

ਹੋਰ ਆਂਟੀ ਕੋਈ ਗੱਲ ਨਹੀਂ, ਰਿਸ਼ਤਾ ਤਾਂ ਭੈਣ ਭਰਾ ਦੇ ਪਿਆਰ ਦਾ ਹੈ ਤੇ ਜਿਹਨੇ ਰਾਖੀ ਕੀਤੀ,ਸਤਿਕਾਰ ਦਿਤਾ,ਅਸੀਂ ਦੋਵੇਂ ਭਰਾ ਆਪਣੇ ਭੈਣ ਨੂੰ ਰੱਖੜੀ ਬੰਨਦੇ ਆ ਰਹੇ ਹਾਂ।'

ਮੈਂ ਉਸ ਬੱਚੇ ਦੀ 'ਨਿਵੇਕਲੀ ਸੋਚ' ਤੇ ਹੈਰਾਨ ਰਹਿ ਗਈ ਤੇ ਪਹਿਲੇ ਵਾਰੀ ਮੈਨੂੰ ਰੱਖੜੀ ਦੇ ਤਿਉਹਾਰ ਦਾ ਮਤਲਬ ਸਮਝ ਆਇਆ।







## ਸਰਪਰਾਈਜ਼

' ਸਤਿ ਸ੍ਰੀ ਅਕਾਲ ਭਾਬੀ ਜੀ, ਵੀਰਾ, ਮੇਰੇ ਭਤੀਜੇ ,ਸਾਰੇ ਠੀਕ ਠਾਕ ਨੇ ,ਇਸ ਵਾਰ ਰੱਖੜੀ ਤੇ ਮੈ ਤੁਹਾਨੂੰ ਸਰਪ੍ਰਾਇਜ਼ ਦੇਵਾਂਗੀ, ਤੁਸੀਂ ਖੁਸ਼ੀ ਨਾਲ ਫੁਲੇ ਨਹੀ ਸਮਾਓਗੇ।'

'ਹਾਂ, ਹਾਂ, ਜ਼ਰੂਰ ਦੇਖਦੇ ਹਾਂ 'ਸਰਪਰਾਈਜ਼ਇਜ਼'ਕੀ ਹੋਵੇਗਾ?'

ਸ਼ਾਮ ਤਕ ਜੱਦ ਰੱਖੜੀ ਨਾ ਆਈ ਤਾਂ ਗੁਰਦੀਪ ਨੇ ਸੋਚਿਆ ਕਿ ਕਿਧਰੇ ਸਾਰਾ ਪਰਿਵਾਰ ਹੀ ਨਾ ਪਹੁੰਚ ਜਾਏ, ਉਹਨੇ ਫੋਨ ਚੱਕਿਆ ਤੇ ਆਖਿਆ,' ਹੁਣ ਤੱਕ 'ਸਰਪ੍ਰਾਈਜ਼' ਗਿਫ਼ਟ ਨਹੀਂ ਪਹੁੰਚਿਆ,ਸ਼ਾਇਦ ਲੇਟ ਹੋ ਗਿਆ ਹੋਵੇ, ਉਹ ਕਲ੍ਹ ਆਪ ਜਾ ਰਹੀ ਹੈ ਪੇਕੇ ਰਖੜੀ ਬੰਨਣ ਤੇ ਉਹ ਮੂੰਹ ਵਿੱਚ ਬੁੜ ਬੁੜ ਕਰਣ ਲੱਗੀ, ਕਈ ਭੈਣਾਂ ਇਹ ਵੀ ਨਹੀਂ ਸਮਝਦੀਆਂ ਉਨ੍ਹਾਂ ਦੀਆਂ ਭਾਬੀਆਂ ਦੇ ਵੀ ਭਰਾ ਭਤੀਜੇ ਨੇ। '







ਕਾਵਿ-ਸੰਸਾਰ ਅੰਤਰਰਾਸ਼ਟਰੀ ਪੰਜਾਬੀ ਸਾਹਿਤ ਸਭਾ
ਕਾਵਿ-ਸੰਸਾਰ ਅਦਾਰੇ ਦੁਆਰਾ ਸੰਚਾਲਿਤ




## ਸੰਪਰਕ :

ਸਰੀ (ਕੈਨੇਡਾ) ਆਫ਼ਿਸ : +16043086663

ਬਰਮਿੰਘਮ (ਯੂ.ਕੇ.) ਆਫ਼ਿਸ : +447944101658

ਇੰਡੀਆ ਆਫ਼ਿਸ : +917009770591

ਈ-ਮੇਲ : kavsansaar@gmail.com




ਅੰਤਰਰਾਸ਼ਟਰੀ ਮੈਗਜ਼ੀਨ

# ਕਾਵਿ-ਸੰਸਾਰ



ਵਰਿੰਦਰ ਸਿੰਘ ਵਿਰਦੀ

(ਮੁੱਖ-ਸੰਪਾਦਕ ਤੇ ਸੰਚਾਲਕ)

Email : kavsansaar@gmail.com

# ਗ਼ਜ਼ਲ ਮੰਚ ਸਰੀ ਵੱਲੋਂ ਸ਼ਾਇਰ ਪਾਲ ਢਿੱਲੋਂ ਦੀ ਪੁਸਤਕ 'ਸੁਪਨੇ ਵਾਲੀਆਂ ਅੱਖਾਂ' ਉੱਪਰ ਗੋਸ਼ਟੀ

ਸਰੀ, 28 ਅਗਸਤ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਕੈਨੇਡਾ ਦੇ ਪ੍ਰਸਿੱਧ ਪੰਜਾਬੀ ਸ਼ਾਇਰ ਪਾਲ ਢਿੱਲੋਂ ਦੇ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਸੁਪਨੇ ਵਾਲੀਆਂ ਅੱਖਾਂ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਬੀਤੇ ਦਿਨ ਨਿਊਟਨ ਲਾਇਬਰੇਰੀ ਸਰੀ ਵਿਚ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਉਸਤਾਦ ਸ਼ਾਇਰ ਨਦੀਮ ਪਰਮਾਰ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਅਤੇ ਸ਼ਾਇਰ ਪਾਲ ਢਿੱਲੋਂ ਨੇ ਕੀਤੀ।






ਸਮਾਗਮ ਦੇ ਆਗਾਜ਼ ਵਿਚ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਪੰਜਾਬੀ ਸਾਹਿਤਕਾਰ ਹਰਭਜਨ ਹੁੰਦਲ, ਦੇਸ ਰਾਜ ਕਾਲੀ, ਬਾਰੂ ਸਤਵਰਗ, ਜਗਸੀਰ ਵਿਯੋਗੀ, ਸੁਬੇਗ ਸੱਧਰ ਅਤੇ ਸ਼ਿਵ ਨਾਥ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਨਦੀਮ ਪਰਮਾਰ ਨੇ 'ਸੁਪਨੇ ਵਾਲੀਆਂ ਅੱਖਾਂ' ਅਤੇ ਪਾਲ ਢਿੱਲੋਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਰਾਜਵੰਤ ਰਾਜ ਨੇ ਆਪਣੇ ਪਰਚੇ ਰਾਹੀਂ ਦੱਸਿਆ ਕਿ ਇਸ ਪੁਸਤਕ ਵਿਚ ਜ਼ਿੰਦਗੀ ਦੇ ਹਰ ਖੇਤਰ, ਹਰ ਪਹਿਲੂ ਨੂੰ ਪਾਲ ਢਿੱਲੋਂ ਨੇ ਆਪਣੀ ਸ਼ਾਇਰੀ ਵਿਚ ਬਾਖੂਬੀ ਪਰੋਇਆ ਹੈ। ਵਿਸ਼ੇਸ਼ ਕਰਕੇ ਪਰਵਾਸ, ਪੰਜਾਬ ਪ੍ਰਤੀ ਮੋਹ ਅਤੇ ਕੁਦਰਤ ਦੇ ਵੱਖ ਵੱਖ ਰੰਗਾਂ ਨੂੰ ਬਹੁਤ ਹੀ ਖੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ ਹੈ। ਕ੍ਰਿਸ਼ਨ ਭਨੋਟ ਨੇ ਆਪਣੇ ਪਰਚੇ ਰਾਹੀਂ ਪੁਸਤਕ ਵਿਚਲੇ ਅਨੇਕਾਂ ਸ਼ਿਅਰਾਂ ਵਿਚਲੀਆਂ ਖੂਬੀਆਂ ਦਾ ਵਰਨਣ ਕੀਤਾ ਅਤੇ ਕੁਝ ਕੁ ਤਕਨੀਕੀ ਕਮੀਆਂ ਵੱਲ ਸ਼ਾਇਰ ਦਾ ਧਿਆਨ ਦੁਆਇਆ।

ਡਾ. ਹਰਜੋਤ ਖਹਿਰਾ ਨੇ ਅਲੋਚਨਾਤਿਮਕ ਦ੍ਰਿਸ਼ਟੀ ਤੋਂ ਪੁਸਤਕ ਦੇ ਵਿਸ਼ੇ ਪੱਖ ਅਤੇ ਖ਼ਿਆਲਾਂ ਬਾਰੇ ਸਾਰਥਿਕ ਪੜਚੋਲ ਕੀਤੀ। ਪ੍ਰੀਤ

ਮਨਪ੍ਰੀਤ ਨੇ ਆਪਣੇ ਪਰਚੇ ਰਾਹੀਂ ਪਾਲ ਢਿੱਲੋਂ ਦੀ ਵਿਸ਼ਾਲ ਖ਼ਿਆਲ ਉਡਾਰੀ ਦੀ ਗੱਲ ਕੀਤੀ। ਦਵਿੰਦਰ ਗੌਤਮ ਨੇ ਨਰਿੰਦਰ ਬਾਈਆ ਅਰਸ਼ੀ ਦੁਆਰਾ ਲਿਖਿਆ ਪਰਚਾ ਪੜ੍ਹਿਆ ਜਿਸ ਵਿਚ



ਨਰਿੰਦਰ ਬਾਈਆ ਨੇ ਵੱਖ ਵੱਖ ਸ਼ਿਅਰਾਂ ਦੇ ਹਵਾਲੇ ਨਾਲ ਪਾਲ ਢਿੱਲੋਂ ਦੀ ਸ਼ਾਇਰੀ ਦੀ ਪ੍ਰਸੰਸਾ ਕੀਤੀ।

ਪ੍ਰਸਿੱਧ ਸ਼ਾਇਰ ਅਤੇ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਕਿਹਾ ਕਿ ਪੰਜਾਬੀ ਗ਼ਜ਼ਲ ਏਨੀ ਮਕਬੂਲ ਹੋ ਚੁੱਕੀ ਹੈ ਅਤੇ ਨਜ਼ਮ ਦੇ ਸ਼ਾਇਰ ਵੀ ਗ਼ਜ਼ਲ ਲਿਖਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਹੀ ਨਹੀਂ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਅਤੇ ਇੱਥੋਂ ਤੱਕ ਕਿ ਅੰਮ੍ਰਿਤਾ ਪ੍ਰੀਤਮ ਨੇ ਵੀ ਗ਼ਜ਼ਲ ਲਿਖਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋਏ। ਅੱਜ ਨਵੀਂ ਪੀੜ੍ਹੀ ਦੇ ਗ਼ਜ਼ਲਗੋ ਜੋ ਗ਼ਜ਼ਲ ਲਿਖ ਰਹੇ ਹਨ, ਉਨ੍ਹਾਂ ਉੱਥੋਂ ਗ਼ਜ਼ਲ ਲਿਖਣ ਦੀ ਸ਼ੁਰੂਆਤ ਕੀਤੀ ਹੈ ਜਿੱਥੇ ਅੱਜ ਪੰਜਾਬੀ ਗ਼ਜ਼ਲ ਪਹੁੰਚ ਚੁੱਕੀ ਹੈ। ਉਨ੍ਹਾਂ ਗ਼ਜ਼ਲ ਸਕੂਲ ਚਲਾ ਰਹੇ ਕੁਝ ਉਸਤਾਦਾਂ ਦੀ ਵੀ ਗੱਲ ਕੀਤੀ। ਪਾਲ ਢਿੱਲੋਂ ਦੀ ਸ਼ਾਇਰੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਸ਼ਾਇਰੀ ਬੇਹੱਦ ਵਸੀਹ ਹੈ ਅਤੇ ਇਸ ਨੂੰ ਜਿਉਂ ਜਿਉਂ ਪੜ੍ਹਦੇ ਹਾਂ ਤਾਂ ਨਵੇਂ ਤੋਂ ਨਵੇਂ ਖ਼ਿਆਲ ਦ੍ਰਿਸ਼ਟੀਮਾਨ ਹੁੰਦੇ ਹਨ। ਇਨ੍ਹਾਂ ਦੀ ਸ਼ਾਇਰੀ ਵਿਚ ਪੰਜਾਬ ਦੇ ਦੁਖਾਂਤ ਅਤੇ ਜਨਮ ਭੂਮੀ ਦੇ ਮੋਹ ਨਾਲ ਸੰਬੰਧਤ ਬਹੁਤ ਹੀ ਖ਼ੂਬਸੂਰਤ ਸ਼ਿਅਰ ਬੜੀ ਸ਼ਿੱਦਤ ਨਾਲ ਪੇਸ਼ ਹੋਏ ਹਨ।

'ਸੁਪਨੇ ਵਾਲੀਆਂ ਅੱਖਾਂ' ਪੁਸਤਕ ਰਿਲੀਜ਼ ਕਰਨ ਉਪਰੰਤ ਡਾ. ਸਾਧੂ ਸਿੰਘ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਬਖਸ਼ਿੰਦਰ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਭੁਪਿੰਦਰ ਮੱਲ੍ਹੀ, ਸ਼ਿੰਦਾ ਢਿੱਲੋਂ, ਨਦੀਮ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪਾਲ ਢਿੱਲੋਂ ਨੂੰ ਮੁਬਾਰਕਬਾਦ ਦਿੱਤੀ। ਅੰਤ ਵਿਚ ਮੰਚ ਸੰਚਾਲਕ ਦਵਿੰਦਰ ਗੌਤਮ ਨੇ ਸਮਾਗਮ ਵਿਚ ਹਾਜਰ ਹੋਏ ਸਭਨਾਂ ਮਹਿਮਾਨਾਂ, ਵਿਦਵਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਇੰਡੋ ਕਨੇਡੀਅਨ ਸੀਨੀਅਰ ਸੈਂਟਰ 'ਚ ਹੋਇਆ ਮਾਸਿਕ ਕਵੀ ਦਰਬਾਰ



ਸਰੀ, (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਬੀਤੇ ਐਤਵਾਰ ਆਪਣਾ ਮਾਸਿਕ ਕਵੀ ਦਰਬਾਰ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਕਵੀ ਦਰਬਾਰ ਵਿਚ ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਗੁਰਮੀਤ ਸਿੰਘ ਸੇਖੋਂ, ਮਨਜੀਤ ਸਿੰਘ ਮੱਲ੍ਹਾ, ਮਲੂਕ ਚੰਦ ਕਲੇਰ, ਰਣਜੀਤ ਸਿੰਘ ਨਿੱਝਰ, ਹਰਚੰਦ ਸਿੰਘ ਗਿੱਲ, ਗੁਰਦਰਸ਼ਨ ਸਿੰਘ ਤਤਲਾ, ਗੁਰਚਰਨ ਸਿੰਘ ਸੇਖੋਂ ਬੌੜਹਾਈ, ਜਗਜੀਤ ਸਿੰਘ ਸੇਖੋਂ, ਅਮਰੀਕ ਸਿੰਘ ਲੇਹਲ, ਸੰਤੋਖ ਸਿੰਘ ਸੰਘਾ, ਜੀਤ ਸਿੰਘ ਮਹਿਰਾ, ਰਵਿੰਦਰ ਕੌਰ ਬੈਂਸ, ਦਵਿੰਦਰ ਕੌਰ ਜੌਹਲ, ਨਿਰਮਲ ਸਿੰਘ ਗਰੇਵਾਲ, ਮਾਨਵ ਭਲਵਾਨ ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਖੂਬ ਰੰਗ ਬੰਨ੍ਹਿਆਂ। ਸਟੇਜ ਦਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬੜੇ ਦਿਲਕਸ਼ ਲਹਿਜ਼ੇ ਨਾਲ ਬਾਖੂਬੀ ਕੀਤਾ।

ਇਸ ਮੌਕੇ ਡਾਇਰੈਕਟਰ ਅਵਤਾਰ ਸਿੰਘ ਬਰਾੜ ਨੇ ਸੈਂਟਰ ਨੂੰ 1000 ਡਾਲਰ ਸਹਾਇਤਾ ਵਜੋਂ ਦਿੱਤੇ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਅਮਰ ਸਿੰਘ ਮੁੰਡੀ ਵੱਲੋਂ ਕੀਤੀ ਗਈ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਕੁਦਰਤ ਤੇ ਮਨੁੱਖ ਦਾ ਰਿਸ਼ਤਾ

ਲਗਾਤਾਰ ਹੋ ਰਹੀ ਜਲਵਾਯੂ ਤਬਦੀਲੀ ਕਾਰਨ ਕੁਦਰਤ ਦਾ ਸੰਤੁਲਨ ਵਿਗੜ ਚੁੱਕਿਆ ਹੈ। ਉਤਰਾਖੰਡ ਅਤੇ ਹਿਮਾਚਲ ਸੂਬਿਆਂ ਵਿੱਚ ਕੁਦਰਤੀ ਕਰੋਪੀ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਲਗਾਤਾਰ ਢਿੱਗਾਂ ਡਿੱਗਣ ਦੀਆਂ ਖਬਰਾਂ ਨੇ ਦਿਲ ਦਹਿਲਾਇਆ ਹੈ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ ਹੈ। ਸ਼ਿਮਲਾ ਵਿੱਚ ਵੱਡੇ-ਵੱਡੇ ਹੋਟਲ ਢਹਿ ਢੇਰੀ ਹੋ ਗਏ। ਲਗਾਤਾਰ ਪੈ ਰਹੀ ਬਰਸਾਤ ਕਾਰਨ ਜਮੀਨ ਖਿਸਕ ਗਈ।ਡੈਮ ਖੋਲੇ ਗਏ। ਜਿਸ ਕਾਰਨ ਪੰਜਾਬ ਸੂਬੇ ਦਾ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਹਾੜਾਂ ਦਾ ਪਾਣੀ ਪਿੰਡਾਂ ਵਿੱਚ ਜਾ ਵੜਿਆ।ਲੋਕ ਆਪਣੇ ਘਰ ਬਾਰ ਛੱਡ ਕੇ ਸੜਕਾਂ ਤੇ ਰਹਿਣ ਲਈ ਮਜਬੂਰ ਹੋਏ। ਬੰਨ੍ਹ ਟੁੱਟੇ। ਫਸਲਾਂ ਬਰਬਾਦ ਹੋ ਗਈਆਂ। ਇੱਥੋਂ ਤੱਕ ਪਸ਼ੂਆਂ ਦੇ ਚਾਰੇ ਦਾ ਵੀ ਬਹੁਤ ਭਾਰੀ ਮੁਸ਼ੱਕਤ ਨਾਲ ਪ੍ਰਬੰਧ ਹੋ ਰਿਹਾ ਹੈ। ਇਨਸਾਨ ਆਪਣੀ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ। ਪਹਾੜੀ ਖੇਤਰਾਂ ਵਿੱਚ ਦਰੱਖਤਾਂ ਦੀ



ਪਕੜ ਹੁੰਦੀ ਸੀ। ਮਿੱਟੀ , ਢਿੱਗਾਂ ਨਹੀਂ ਖਿਸਕਦੀਆਂ ਸਨ। ਆਪਣੇ ਸਵਾਰਥ ਲਈ ਮਨੁੱਖ ਦੀ ਦਖਲਅੰਦਾਜ਼ੀ ਦਾ ਇਹ ਨਤੀਜਾ ਅੱਜ ਭੁਗਤਣਾ ਪੈ ਰਿਹਾ ਹੈ।ਤਕਰੀਬਨ ਪਿਛਲੇ ਮਹੀਨੇ,ਕਈ ਦਿਨ ਲਗਾਤਾਰ ਬਾਰਿਸ਼ ਹੋਈ। ਪੰਜਾਬ ਦਾ ਪੁਆਧੀ ਖੇਤਰ ਹੜਾਂ ਦੀ ਗ੍ਰਿਫ਼ਤ ਵਿੱਚ ਸੀ। ਘੱਗਰ ਨਦੀ ਵਿੱਚ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਸਨ। ਸਤਲੁਜ ,ਬਿਆਸ ਦਰਿਆ ਵੀ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਵੱਗ ਰਹੇ ਸਨ। ਲੋਕਾਂ




Source : The Hindu

ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾਇਆ ਗਿਆ। ਪ੍ਰਸ਼ਾਸਨ ਤੇ ਮੌਜੂਦਾ ਐਮ ਐਲ ਏ ਆਪਣੀ ਜ਼ਿੰਮੇਵਾਰੀ ਨੂੰ ਬਹੁਤ ਵਧੀਆ ਤਰੀਕੇ ਨਾਲ ਨਿਭਾਇਆ। ਸਮਾਜ ਸੇਵੀ ਸੰਸਥਾਵਾਂ ਵੱਲੋਂ ਅੱਗੇ ਆ ਕੇ ਲੋਕਾਂ ਦੀ ਮਦਦ ਵੀ ਕੀਤੀ ਗਈ। ਦਰਅਸਲ ਮੋਹਾਲੀ ਅਤੇ ਇਸ ਦੇ ਆਸਪਸ ਦੇ ਖੇਤਰਾਂ ਵਿੱਚ 20 ਤੋਂ 25 ਮੰਜ਼ਿਲੇ ਫਲੈਟ ਉਸਾਰ ਦਿੱਤੇ ਗਏ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ। ਸਥਾਨਕ ਸਰਕਾਰ ਵਿਭਾਗਾਂ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਬਿਲਡਰਾਂ ਨੇ ਖੁੰਬਾਂ ਦੀ ਤਰਾਂ ਕਲੋਨੀਆਂ ਉਸਾਰ ਦਿੱਤੀਆਂ। ਕੁੱਝ ਹੀ ਦਿਨਾਂ ਵਿੱਚ ਬਿਲਡਰਾਂ ਨੇ ਫਲੈਟ ਖੜ੍ਹੇ ਕਰ ਦਿੱਤੇ। ਇਹ ਨਹੀਂ ਦੇਖਿਆ ਕਿ ਇੱਥੇ ਰਹਿਣ ਵਾਲਿਆਂ ਦਾ ਬਰਸਾਤ ਵਿੱਚ ਕੀ ਹਾਲ ਹੋਵੇਗਾ। ਕੋਈ ਉਹਨਾਂ ਨੂੰ ਸਮੱਸਿਆ ਤਾਂ ਨਹੀਂ ਆਵੇਗੀ। ਪੈਸੇ ਦੀ ਹੋੜ ਲੱਗੀ ਹੋਈ ਹੈ। ਅੱਜ ਕੁਦਰਤ ਨੇ ਵੀ ਆਪਣੇ ਰੰਗ ਦਿਖਾ ਦਿੱਤੇ ਹਨ। ਚੇਤੇ ਕਰਵਾ ਦੇਈਏ ਕਿ ਜਦੋਂ ਵੀਹ ਕੁ  ਸਾਲ ਪਹਿਲਾਂ ਬਰਸਾਤਾਂ ਹੁੰਦੀਆਂ ਸਨ, ਤਾਂ ਦਸ ਦਸ ਦਿਨਾਂ ਦੀਆਂ ਬਰਸਾਤਾਂ ਲਗਾਤਾਰ ਹੁੰਦੀਆਂ ਸਨ। ਜਿਸਨੂੰ ਝੜੀ ਕਹਿੰਦੇ ਸਨ।  ਨਦੀਆਂ ਨਾਲੇ ਖੁੱਲ੍ਹੇ ਹੁੰਦੇ ਸਨ। ਪਾਣੀ ਨਿਕਲ ਜਾਂਦਾ ਸੀ। ਹੁਣ ਨਦੀਆਂ ਨਾਲਿਆਂ ਨੂੰ ਤੰਗ ਕਰਕੇ ਉਨ੍ਹਾਂ ਤੇ ਫਲੈਟ ਉਸਾਰ ਦਿੱਤੇ। ਪਾਣੀ ਨੇ ਤਾਂ ਹੁਣ ਲੰਘਣਾ ਹੀ ਹੈ। ਨਿੱਜੀ ਸੁਆਰਥ ਖਾਤਰ ਮਨੁੱਖ ਲਗਾਤਾਰ ਕੁਦਰਤ ਨਾਲ ਛੇੜਛਾੜ ਕਰ ਰਿਹਾ ਹੈ। ਚਾਰ ਕੁ ਮਹੀਨੇ ਪਹਿਲਾਂ ਉਤਰਾਖੰਡ ਦੇ ਪ੍ਰਮੁੱਖ ਤੀਰਥ ਅਸਥਾਨ  ਜੋਸ਼ੀਮੱਠ 'ਚ ਕਈ ਥਾਵਾਂ ਤੋਂ ਜ਼ਮੀਨ ਖਿਸਕਣ ਨਾਲ  ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬੇਘਰ ਹੋਣਾ ਪਿਆ ਸੀ।  ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਖ਼ੇਤਰ ਨੂੰ ਆਫ਼ਤ ਗ੍ਰਸਤ ਖੇਤਰ ਐਲਾਨਿਆ ਗਿਆ ਸੀ। ਹੈਰਾਨੀਜਨਕ ਤਸਵੀਰਾਂ  ਦੱਸ ਰਹੀਆਂ ਹਨ ਕਿ ਇਸ ਖੇਤਰ ਵਿੱਚ ਥਾਂ ਥਾਂ ਤੇ ਜ਼ਮੀਨ ਵਿੱਚ ਦਰਾਰਾਂ ਪੈ ਗਈਆਂ ਸਨ। ਇੱਕ ਇਨਸਾਨ ਇੰਨੀ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਆਪਣੀ ਛੱਤ ਹੁੰਦੀ ਹੈ।ਕਿੰਨਾ ਉਸ ਨੂੰ ਫ਼ਕਰ ਹੁੰਦਾ  ਹੈ ।ਕਿਨੇਂ ਅਰਮਾਨ ਹੁੰਦੇ ਹਨ ਕਿ ਮੇਰਾ ਘਰ ਬਣ ਗਿਆ। ਬੇਵੱਸ ਹੋ ਕੇ ਹੀ ਇਨਸਾਨ ਨੂੰ ਅਜਿਹੇ ਹਲਾਤਾਂ ਵਿੱਚ ਫਿਰ ਆਪਣੀ ਜਾਨ ਦੀ ਰਾਖੀ ਲਈ ਘਰ-ਬਾਰ ਛੱਡਣੇ ਪੈਂਦੇ ਹਨ। ਚਾਹੇ ਇਨ੍ਹਾਂ ਬੇਘਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਲਈ ਕਿਹਾ ਗਿਆ ਹੈ ,ਪਰ ਇਨ੍ਹਾਂ ਦਾ ਦਿਲ ਘਰ ਛੱਡਣ ਨੂੰ ਮਜ਼ਬੂਰ ਨਹੀਂ ਕਰ ਰਿਹਾ ਸੀ ।ਚੇਤੇ ਕਰਵਾ ਦੇਈਏ ਕਿ 2012 ਵਿਚ ਉਤਰਾਖੰਡ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਬਹੁਤ ਨੁਕਸਾਨ ਹੋਇਆ ਸੀ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ਹੈ। ਨਿਕਾਸੀ ਬਿਲਕੁੱਲ ਵੀ ਨਹੀਂ ਰਹੀ। ਗੱਡੀਆਂ ਦੀ ਗੱਡੀਆਂ ਹੜਾਂ ਵਿੱਚ ਰੁੜ ਗਈਆਂ ਸਨ। ਇਨਸਾਨ ਫ਼ਿਰ ਵੀ ਨਹੀਂ ਸਭਲਿਆ।ਮਨੁੱਖ ਦੀ ਦਖ਼ਲ-ਅੰਦਾਜ਼ੀ ਲਗਾਤਾਰ ਵੱਧਦੀ ਜਾ ਰਹੀ ਹੈ। ਪੈਸੇ ਦੀ ਹੋੜ ਲਗਾਤਾਰ ਵੱਧ ਰਹੀ ਹੈ। ਪਹਾੜੀ ਖੇਤਰਾਂ ਨੂੰ ਕੱਟ ਕੇ ਵੱਡੇ ਵੱਡੇ ਹੋਟਲ ਬਣਾਏ ਜਾ ਰਹੇ ਹਨ । ਆਬਾਦੀ ਵੱਧ ਗਈ ਹੈ।ਨਿੱਜੀ ਸੁਆਰਥਾਂ ਖ਼ਾਤਰ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ ਤੇ ਲਗਾਤਾਰ ਉਸਾਰੇ ਜਾ ਰਹੇ ਵੱਡੇ ਹੋਟਲ, ਚੌੜੀਆਂ ਸੜਕਾਂ, ਰੇਲਵੇ ਲਾਈਨਾਂ ਦਾ ਵਿਸਥਾਰ ਜ਼ਮੀਨ ਧੱਸਣ ਦਾ ਮੁੱਖ ਕਾਰਨ ਹਨ। ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਧਰਤੀ ਹੇਠਾਂ ਰਿੱਸਣ ਵਾਲੇ ਪਾਣੀ ਨੇ ਇਸ ਖੇਤਰ 'ਚ  ਇਸ ਸਮੱਸਿਆ ਨੂੰ ਵਧਾਇਆ ਹੈ। ਦਿਨ-ਪ੍ਰਤਿਦਿਨ ਹਾਲਾਤ ਚਿੰਤਾ ਵਾਲੇ ਹੁੰਦੇ ਜਾ ਰਹੇ ਹਨ। ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਠਹਿਰਾਇਆ ਜਾ ਰਿਹਾ ਹੈ। ਕੁੱਝ ਹੀ ਦਿਨਾਂ ਪਹਿਲੇ ਹਿਮਾਚਲ ਪ੍ਰਦੇਸ਼ ਦੇ ਮੈਕਲੋਡਗੰਜ ਵਿੱਚ ਵੀ ਕੁੱਝ ਹਿੱਸਾ ਖਿਸਕ ਗਿਆ ਸੀ। ਚੇਤੇ ਕਰਵਾ ਦੇਈਏ ਕਿ ਜਿੰਨੇ ਵੀ ਪੜਾਈ ਖੇਤਰ ਹਨ, ਵੱਡੇ ਪੈਮਾਨੇ ਤੇ ਨਜ਼ਾਇਜ਼ ਉਸਾਰੀਆਂ ਹੋ ਰਹੀਆਂ ਹਨ।ਮਾਈਨਿੰਗ ਵੱਧ ਗਈ ਹੈ। ਅਫਸਰਾਂ, ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਇਹ ਗੋਰਖ ਧੰਦੇ ਚੱਲ ਰਹੇ ਹਨ। ਭ੍ਰਿਸ਼ਟਾਚਾਰ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਅਜੇ ਵੀ ਸੰਭਲਣ ਦਾ ਵੇਲਾ ਹੈ। ਗਰਮੀਆਂ ਵਿਚ ਸੈਲਾਨੀ ਪਹਾੜੀ ਖੇਤਰਾਂ ਵਿੱਚ ਸੈਰ ਸਪਾਟੇ ਲਈ ਜਾਂਦੇ ਹਨ। ਸਰਕਾਰ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਕੁਦਰਤੀ ਸੋਮਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਤਾਂ ਜੋ ਕੁਦਰਤ ਨੂੰ ਢਹਿ ਢੇਰੀ ਹੋਣ ਤੋਂ  ਬਚਾਇਆ ਜਾ ਸਕੇ। ਕੁਦਰਤ ਹੀ ਰੱਬ ਹੈ।

ਸੰਜੀਵ ਸਿੰਘ ਸੈਣੀ

# ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਸਥਾਨ : ਸ੍ਰੀ ਦਮਦਮਾ ਸਾਹਿਬ

ਦਮਦਮਾ ਸਾਹਿਬ, ਜੋ ਕਿ ਇਤਿਹਾਸਕ ਕਸਬੇ ਤਲਵੰਡੀ ਸਾਬੋ ਦਾ ਹੀ ਦੂਜਾ ਨਾਂ ਹੈ, ਅਧਿਆਤਮਕ, ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਸ ਧਰਮੱਗ ਧਰਤੀ ਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾਏ।

'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿੱਚ ਅੰਕਿਤ ਹੈ ਕਿ ਇੱਕ ਵਾਰ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ, "ਹਜ਼ੂਰ, ਆਪਨੇ ਪਹਿਲੇ ਸਤਿਗੁਰਾਂ ਵਾਂਗ ਗੁਰਬਾਣੀ ਦਾ ਉਚਾਰਨ ਕਿਉਂ ਨਹੀਂ ਕੀਤਾ?" ਤਾਂ ਗੁਰੁਦੇਵ ਨੇ ਅੰਤਰ-ਧਿਆਨ ਹੋ ਕੇ ਫ਼ਰਮਾਇਆ, "ਅਸੀਂ ਦਸਵੇਂ ਜਾਮੇ ਵਿੱਚ ਤਲਵੰਡੀ ਸਾਬੋ ਵਿਖੇ ਸ੍ਰੀ ਦਮਦਮਾ ਸਾਹਿਬ ਪ੍ਰਗਟ ਕਰਕੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਾਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਲਿਖਾਂਗੇ:

ਸੁਣ ਕੇ ਹਮ ਤਾਹਿ ਕੇ ਬੈਨਨ ਕੋ,

ਦਮਦਮਾ ਸੁ ਮਾਲਵੇ ਬੀਚ ਸੁਧਾਰੋ।

ਢਿਗ ਤਾਹਿ ਤਲਵੰਡੀ ਕੇ ਕਾਸ਼ੀ ਰਚੋਂ

ਜਹਿ ਬੈਲ ਪਢੇ ਹੋਏ ਬੁਧ ਉਦਾਰੋ।

ਗ੍ਰੰਥ ਉਚਾਰ ਕਰੋਂ ਤਹਾਂ ਬੈਠ ਕੇ,

ਬੀੜ ਸੋਊ ਜਗ ਮਾਹਿ ਬਿਥਾਰੋ।

ਅਖਰ ਏਕ ਕਾ ਭੇਦ ਧਰੋ ਨਹਿ,

ਮਮ ਦਾਸ ਗੁਰੂ ਸਮਰਥ ਬਿਚਾਰੋ।

ਜਗਤ- ਗੁਰੂ ਬਾਬਾ ਨਾਨਕ ਪਹਿਲੀ ਉਦਾਸੀ ਸਮੇਂ 1515 ਈ ਵਿਚ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ; 159 ਸਾਲ ਪਿੱਛੋਂ 1674 ਈ. ਵਿੱਚ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ ਪੰਜ ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ; 31 ਸਾਲਾਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 1705 ਈ. ਵਿੱਚ ਜੰਗਾਂ- ਯੁੱਧਾਂ ਪਿੱਛੋਂ ਇਸ ਅਸਥਾਨ ਤੇ ਇੱਕ ਉੱਚੀ ਥੇੜੀ ਤੇ ਆ ਕੇ ਦਮ ਲਿਆ ਅਤੇ ਕਮਰ ਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈ. ਦੀ ਵਿਸਾਖੀ ਤੇ ਕਰੀਬ ਸਵਾ ਲੱਖ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਹ ਨਗਰ ਫਿਲਹਾਲ ਰੇਲਵੇ ਨਾਲ ਨਹੀਂ ਜੁੜਿਆ ਅਤੇ ਬਠਿੰਡਾ- ਰਾਮਾ ਸੜਕ ਉੱਤੇ ਬਠਿੰਡਾ ਤੋਂ 28 ਕਿ.ਮੀ.ਅਤੇ ਰਾਮਾ ਤੋਂ 13 ਕਿ. ਮੀ. ਦੂਰੀ ਤੇ ਸਥਿਤ ਹੈ।

ਇਸ ਪਵਿੱਤਰ ਸਰਜ਼ਮੀਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਰੀਬ ਸਵਾ ਸਾਲ ਬਿਸਰਾਮ ਕੀਤਾ ਅਤੇ 1706 ਈ. ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਸਾਹਿਬ ਨੇ ਆਪਣੀ ਅਧਿਆਤਮਕ ਸ਼ਕਤੀ ਦੁਆਰਾ ਭਾਈ ਮਨੀ ਸਿੰਘ ਦੇ ਹੱਥੋਂ ਲਿਖਵਾਇਆ, ਜਿਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਰਾਗ ਜੈਜਾਵੰਤੀ ਸ਼ਾਮਿਲ ਕਰਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਇਉਂ ਅੰਕਿਤ ਕੀਤਾ ਹੈ :

ਅਬ ਦਰਬਾਰ ਦਮਦਮਾ ਜਹਾਂ।

ਤੰਬੂ ਲਗਵਾ ਕੈ ਗੁਰ ਤਹਾਂ।

ਮਨੀ ਸਿੰਘ ਕੋ ਲਿਖਨ ਬਠੈ ਕੈ।

ਗੁਰੂ ਨਾਨਕ ਕਾ ਧਿਆਨ ਧਰੈ ਕੈ

ਨਿਤਪ੍ਰਤਿ ਗੁਰੂ ਉਚਾਰੀ ਜੈਸੇ।

ਬਾਣੀ ਲਿਖੀ ਮਨੀ ਸਿੰਘ ਤੈਸੇ।

ਬੀੜ ਆਦਿ ਗੁਰ ਗ੍ਰੰਥੈ ਜੇਹੀ।

ਕਰੀ ਦਸਮ ਗੁਰ ਤਿਆਰ ਉਜੇਹੀ।

'ਸਾਹਿਤਯਸ਼ਾਸਤਰੀ' (ਮਰਹੂਮ) ਗਿਆਨੀ ਬਲਵੰਤ ਸਿੰਘ

ਕੋਠਾਗੁਰੂ (1933-2019) ਮੁਤਾਬਕ ਇਹ ਬੀੜ ਵੈਸਾਖੀ ਵਾਲੇ ਦਿਨ(1763 ਬਿਕਰਮੀ ਵਿੱਚ) ਲਿਖਣੀ ਆਰੰਭ ਕੀਤੀ ਅਤੇ ਭਾਦਰੋਂ ਵਦੀ ਤੀਜ ਨੂੰ ਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈ. ਵਿਚ ਲਿਖੀ 'ਦੌਰਾ ਸਾਖੀ' ਵਿੱਚੋਂ ਵੀ ਮਹੱਤਵਪੂਰਣ ਹਵਾਲੇ ਦਿੱਤੇ ਹਨ। ਇਸਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਪੰਕਤੀਆਂ ਵਿੱਚ ਕੀਤੀ ਹੈ :

ਅਉਰ ਚਾਰ ਤਿਸ ਪ੍ਰਤਿ ਭਾਏ।

ਦੀਪ ਸਿੰਘ ਸ਼ਹੀਦ ਲਿਖਾਏ।

ਇੱਕ ਅਕਾਲ ਬੁੰਗੇ ਇੱਕ ਪਟਨੇ।

ਤਿਰਤੀ ਹਜ਼ੂਰ ਦਿਯੋ ਹਿੱਤ ਪਢਨੇ।

ਚਤਰਥ ਰਾਖਯੋ ਦਮਦਮੇ ਮਾਹਿ।

ਬਢ ਬਾਬੇ ਯਹਿ ਚਾਰ ਕਹਾਇ।

ਅਰਥਾਤ ਕਲਗੀਧਰ ਪਿਤਾ ਦੇ ਹੁਕਮ ਤੇ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿੱਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿੱਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਮੇਸ਼ ਪਿਤਾ ਖੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤੱਕ ਕਥਾ ਸ੍ਰਵਣ ਕੀਤੀ, ਉਨ੍ਹਾਂ ਨੂੰ ਬ੍ਰਹਮ-ਗਿਆਨੀ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਬ੍ਰਹਮ ਗਿਆਨੀਆਂ ਵਿੱਚ 48 ਗੁਰਮੁਖ ਸਨ: ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਰਾਮ ਸਿੰਘ ਕੁਇਰ, ਬਾਬਾ ਕਾਹਨ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਗੁਰਮੁਖ ਸਿੰਘ ਸ਼ਹੀਦ, ਬਾਬਾ ਦਾਨ ਸਿੰਘ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਨੰਦ ਲਾਲ, ਭਾਈ ਧੰਨਾ ਸਿੰਘ, ਭਾਈ ਦਇਆ ਸਿੰਘ, ਭਾਈ ਜੀਵਾ ਸਿੰਘ, ਭਾਈ ਪਿਆਰਾ ਸਿੰਘ, ਭਾਈ ਬੀਰ ਸਿੰਘ, ਭਾਈ ਧੀਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਅਮਰ ਸਿੰਘ, ਭਾਈ ਤਾਰਾ ਸਿੰਘ, ਭਾਈ ਜਗਜੀਵਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗਿਆਨ ਸਿੰਘ, ਭਾਈ ਬਿਸੰਭਰ ਸਿੰਘ, ਭਾਈ ਹਰਗੋਪਾਲ ਸਿੰਘ, ਭਾਈ ਮਾਨ ਸਿੰਘ, ਭਾਈ ਰਾਏ ਸਿੰਘ, ਭਾਈ ਮੱਖਣ ਸਿੰਘ, ਭਾਈ ਮਦਨ ਸਿੰਘ, ਭਾਈ ਧਰਮ ਸਿੰਘ, ਭਾਈ ਸੁਜਾਨ ਸਿੰਘ, ਭਾਈ ਜੀਵਨ ਸਿੰਘ, ਭਾਈ ਅਕਾਲ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਦਿਆਲ ਸਿੰਘ, ਭਾਈ ਬਖਤਾਵਰ ਸਿੰਘ, ਭਾਈ ਦੇਵਾ ਸਿੰਘ, ਭਾਈ ਮੇਵਾ ਸਿੰਘ, ਭਾਈ ਗਿਆਨ ਸਿੰਘ, ਭਾਈ ਅਚਲ ਸਿੰਘ, ਰਾਜਾ ਜੈ ਸਿੰਘ, ਰਾਜਾ ਬਿਸ਼ਨ ਸਿੰਘ, ਭਾਈ ਭਾਗ ਸਿੰਘ, ਭਾਈ ਵਸਾਵਾ ਸਿੰਘ, ਭਾਈ ਘਣੀਆ ਸਿੰਘ, ਭਾਈ ਰਾਮ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਮਲਾਗਰ ਸਿੰਘ। ਇਨ੍ਹਾਂ ਗੁਰਸਿੱਖਾਂ ਬਾਰੇ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਨੇ 'ਗੁਰਮੁਖ ਪ੍ਰਕਾਸ਼' ਵਿੱਚ ਅੰਕਿਤ ਕੀਤਾ ਹੈ :

ਤਖ਼ਤ ਦਮਦਮੇ ਸੋ ਪੜ੍ਹੇ ਅਠਤਾਲੀ ਸਿੰਘ ਰਾਸ।

ਅਰਥ ਸੰਪਦਾ ਪਾਠ ਕੀ ਚਲੀ ਤਬੀ ਤੇ ਖਾਸ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਅਤੇ ਸਿਆਹੀ ਆਦਿ ਹੋਰ ਸਮੱਗਰੀ ਲਿਖਣਸਰ ਦੇ ਟੋਭੇ ਵਿੱਚ ਪ੍ਰਵਾਹਿਤ ਕਰਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੰਦਿਆਂ ਫ਼ੁਰਮਾਇਆ ਸੀ :

ਇਹ ਹੈ ਪ੍ਰਗਟ ਹਮਾਰੀ ਕਾਸ਼ੀ।

ਪੜ੍ਹ ਹੈਂ ਈਹਾਂ ਢੋਰ ਮਤ ਰਾਸੀ।

ਲੇਖਕ ਗੁਨੀ ਕਵਿੰਦ ਗਿਆਨੀ।

ਬੁਧਿਸਿੰਧੁ ਹ੍ਵੈ ਹੈਂ ਇਤਿ ਆਨੀ।

ਤਿਨ ਕੇ ਕਾਰਨ ਕਲਮ ਗਢ,

ਦੇਤ ਪ੍ਰਗਟ ਹਮ ਡਾਰ।

ਸਿਖ ਸਖਾ ਸਭ ਪੜ੍ਹੈਂਗੇ,

ਹਮਰੇ ਕਈ ਹਜ਼ਾਰ।

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੇ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਕਰਨ ਲਈ ਉਸਨੂੰ ਆਪਣੇ ਬਰਾੜ ਯੋਧੇ ਭੇਜਣ ਲਈ ਕਿਹਾ। ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਓ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖੁਦ ਨੂੰ ਗੁਰੂ ਜੀ ਦੇ ਸਨਮੁਖ ਪੇਸ਼ ਕੀਤਾ। ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿੱਚ ਇੱਥੇ ਇੱਕ ਗੁਰਦੁਆਰਾ ਮੌਜੂਦ ਹੈ।

ਗੁਰੂ ਜੀ ਦੇ ਦਰਬਾਰ ਵਿੱਚ ਇੱਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ, ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰਕੇ ਫ਼ਰਮਾਇਆ :

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।

ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਉਸ ਯਾਦਗਾਰ ਦਾ ਪ੍ਰਤੀਕ ਇੱਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ ਤੇ ਹੈ) ਇੱਥੇ ਸੁਭਾਇਮਾਨ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖਜ਼ਾਨਾ ਕੱਢ ਕੇ ਤਨਖਾਹਾਂ ਵੰਡੀਆਂ ਸਨ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ- ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ।

ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇੱਥੇ ਮੌਜੂਦ ਹਨ, ਜਿਨ੍ਹਾਂ ਵਿੱਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ।

ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿੱਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖ਼ਤ ਸਾਹਿਬ ਅਤੇ ਕ੍ਰਿਪਾਨ ਗੁਰੂ ਸਾਹਿਬ ਸ਼ਾਮਿਲ ਹਨ। ਇਸ ਤੋਂ ਬਿਨਾਂ ਭਾਈ ਡੱਲੇ ਦੇ ਖਾਨਦਾਨ ਕੋਲ ਵੀ ਗੁਰੂ- ਬਖ਼ਸ਼ਿਸ਼ ਦੁਆਰਾ ਰੱਖੀਆਂ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿੱਚ ਤੇਗਾ, ਸ਼੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਰੇਬ ਪਜਾਮਾ, ਮਾਤਾ ਸਾਹਿਬ ਕੌਰ ਦਾ ਰੇਬ ਪਜਾਮਾ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਿਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡੱਲ ਸਿੰਘ ਦੇ ਗ੍ਰਹਿ ਵਿਖੇ ਸਵੇਰ ਤੋਂ ਸ਼ਾਮ ਤੱਕ ਸੰਗਤਾਂ ਨੂੰ ਕਰਵਾਏ ਜਾਂਦੇ ਹਨ, ਜਦਕਿ ਕਿਸੇ ਸਮੇਂ ਹਰੇਕ ਚਾਨਣੀ ਦਸਮੀ ਨੂੰ ਹੀ ਇਹ ਵਸਤਾਂ ਵਿਖਾਈਆਂ ਜਾਂਦੀਆਂ ਸਨ।

ਵੀਹ ਕੁ ਸਾਲ ਪਹਿਲਾਂ ਤੱਕ ਤਖਤ ਸਾਹਿਬ ਵਿਖੇ ਸੰਗਤਾਂ ਦੀ ਆਮਦ ਬਹੁਤ ਘੱਟ ਸੀ। ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨਾਂ ਵਿੱਚ ਵੀ ਸੰਗਤਾਂ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿੱਚ ਵਿਸ਼ੇਸ਼ ਦੀਵਾਨ ਲੱਗਦੇ ਹਨ ਜਿਸ ਵਿੱਚ ਢਾਡੀ ਤੇ ਕਵੀਸ਼ਰ ਗੁਰੂ- ਜੱਸ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਦਿਨਾਂ ਵਿੱਚ ਇੱਥੇ ਭਾਰੀ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ।



ਪ੍ਰੋ. ਨਵ ਸੰਗੀਤ ਸਿੰਘ

ਅੱਜ ਤੋਂ ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਅਤੇ ਨਿਰੰਤਰਤਾ ਨਾਲ ਫਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ ਵਿੱਦਿਆ ਦੀ ਸਭ ਤੋਂ ਪਹਿਲੀ ਸੰਸਥਾ ਗੁਰੂ ਕਾਸ਼ੀ ਕਾਲਜ ਇੱਥੇ 1964 ਨੂੰ ਸਥਾਪਤ ਹੋਇਆ, ਜੋ ਹੁਣ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਵਜੋਂ ਕਾਰਜਸ਼ੀਲ ਹੈ; 1988 ਵਿੱਚ ਪੰਜਾਬੀ ਯੂਨੀਵਰਸਿਟੀ ਨੇ ਆਪਣਾ ਕੈਂਪਸ ਸਥਾਪਤ ਕੀਤਾ,1977 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਹੋਈ, ਦੋ ਯੂਨੀਵਰਸਿਟੀਆਂ- ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਅਕਾਲ ਯੂਨੀਵਰਸਿਟੀ (ਕ੍ਰਮਵਾਰ 2011 ਅਤੇ 2015) ਤੋਂ ਇਲਾਵਾ ਇੱਥੇ ਸਕੂਲੀ ਪੜ੍ਹਾਈ ਲਈ ਬਹੁਤ ਸਾਰੇ ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ।

ਹਰ ਸਾਲ ਗੁਰੂ ਗ੍ਰੰਥ ਸਾਹਿਬ- ਸੰਪੂਰਨਤਾ ਦਿਵਸ ਸਮੇਂ ਇੱਥੇ ਅਖੰਡ ਪਾਠ ਰੱਖਿਆ ਜਾਂਦਾ ਹੈ, ਜਿਸ ਦੌਰਾਨ ਸਕੂਲ/ਕਾਲਜ ਬੱਚਿਆਂ ਦੇ ਸ਼ਬਦ ਗਾਇਨ,ਕਵਿਤਾ,ਵਾਰ, ਕਵੀਸ਼ਰੀ ਆਦਿ ਕਈ ਪ੍ਰਕਾਰ ਦੇ ਮੁਕਾਬਲੇ ਵੀ ਆਯੋਜਿਤ ਕਰਵਾਏ ਜਾਂਦੇ ਹਨ; ਕਵੀ ਦਰਬਾਰ ਆਯੋਜਿਤ ਹੁੰਦਾ ਹੈ। ਕੋਰੋਨਾ ਕਾਲ ਦੌਰਾਨ ਅਜਿਹੀਆਂ ਪ੍ਰਤਿਯੋਗਤਾਵਾਂ ਦੋ ਸਾਲ (2020, 2021) ਬੰਦ ਰਹੀਆਂ। ਇਸ ਸਾਲ 28 ਅਗਸਤ ਨੂੰ ਤਖ਼ਤ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਰਖਵਾਏ ਗਏ ਹਨ, ਜਿਸ ਦਾ ਭੋਗ 30 ਅਗਸਤ ਨੂੰ ਪਵੇਗਾ, ਜਿਸ ਦੌਰਾਨ ਪ੍ਰਸਿੱਧ ਕਥਾਵਾਚਕ ਅਤੇ ਰਾਗੀ ਗੁਰੂ ਜੱਸ ਦਾ ਵਰਣਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

# ਅਧਿਆਪਕ ਦਾ ਦਰਜਾ ਮਾਪਿਆ ਤੋਂ ਵੀ ਉਪਰ

ਮੇਰੇ ਤੀਸਰੀ ਜਮਾਤ ਵਿੱਚ ਪੜ੍ਹਦੇ ਪੁੱਤਰ ਨੂੰ ਨਵਾਂ ਹਿੰਦੀ ਵਿਸ਼ਾ ਲੱਗਿਆ ।ਜਦੋਂ ਮੈਂ ਸਕੂਲ ਦਾ ਕੰਮ ਕਰਵਾਉਂਦੇ ਹੋਏ ਸਵਰ -ਵਿਅੰਜਨ ਲਿਖਵਾ ਰਹੀ ਸੀ ਤਾਂ ਐਕਟੀਵਿਟੀ ਪੇਜ ਤੇ (ਚ ) ਚਰਖਾ ਦੀ ਥਾਂ ਤੇ ਮੈਂ ਚਮਚ ਬਣਾਉਣ ਲਈ ਕਿਹਾ ਤਾਂ ਜੋ ਉਹ ਸੌਖਾ ਹੀ ਬਣਾ ਲਵੇ ।ਪਰ ਉਸਨੇ ਮੇਰੇ ਦੱਸੇ ਅਨੁਸਾਰ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਕਹਿਣ ਲੱਗਾ ਕੇ ਮੇਰੇ ਮੈਡਮ ਤਾਂ ਇਸ ਤਰ੍ਹਾਂ ਨਹੀਂ ਕਰਵਾਉਂਦੇ। ਮੈਂ ਉਸ ਨੂੰ ਬਹੁਤ ਸਮਝਾਇਆ ਕਿ ਚ ਚਮਚ ਵੀ ਹੁੰਦਾ ਹੈ ਪਰ ਉਹ ਆਪਣੀ ਜਿੱਦ ਉੱਤੇ ਕਾਇਮ ਸੀ ।ਮੈਂ ਉਸਨੂੰ ਕਿਹਾ ਕਿ ਮੈਂ ਵੀ ਤਾਂ ਅਧਿਆਪਕ ਹਾਂ 'ਮੈਨੂੰ ਵੀ ਪਤਾ ਹੈ ਪਰ ਉਹ ਕਹਿਣ ਲੱਗਾ ਮੰਮੀ ਥੋਨੂੰ ਹਿੰਦੀ ਨਹੀਂ ਆਉਂਦੀ ।



ਮੈਂ ਸੋਚ ਰਹੀ ਸੀ ਕਿ ਕਿੰਨਾ ਸੋਹਣਾ ਰਿਸ਼ਤਾ ਹੈ ਇਕ ਅਧਿਆਪਕ ਅਤੇ ਵਿਦਿਆਰਥੀ ਦਾ ।

ਬੱਚੇ ਨੂੰ ਆਪਣੇ ਮਾਪਿਆਂ ਤੋਂ ਵੱਧ ਆਪਣੇ ਅਧਿਆਪਕ ਤੇ ਵਿਸ਼ਵਾਸ ਹੈ ਕਿ ਉਹ ਸਹੀ ਹਨ ।

ਵਿਸ਼ਵਾਸ ਦੀ ਹੀ ਤਾਂ ਗੱਲ ਹੈ ਸਾਰੀ । ਜਿੱਥੇ ਮਾਪੇ ਆਪਣੇ ਬੱਚਿਆਂ ਨੂੰ ਕੁਝ ਸਮੇਂ ਲਈ ਵੀ ਕਿਸੇ ਕੋਲ ਇਕੱਲਾ ਨਹੀਂ ਛੱਡਦੇ ਉੱਥੇ ਇਕ ਅਧਿਆਪਕ ਦੇ ਸਹਾਰੇ ਛੇ ਤੋਂ ਅੱਠ ਘਟੇ ਇਕੱਲਾ ਛੱਡ ਦਿੰਦੇ ਹਨ । ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸਾਡੇ ਬੱਚੇ ਸਹੀ ਹੱਥਾਂ ਵਿੱਚ ਹਨ ।

ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਗੁਰੂ ਨੂੰ ਮਾਪਿਆਂ ਤੋਂ ਪਹਿਲਾਂ ਸਥਾਨ ਦਿੱਤਾ ਹੈ :-

ਪਵਣੁ ਗੁਰੂ ਪਾਣੀ ਪਿਤਾ

ਮਾਤਾ ਧਰਤਿ ਮਹਤੁ।

ਇਸ ਉੱਚੇ ਸਥਾਨ ਦੀ ਪ੍ਰਾਪਤੀ ਨਾਲ ਸਾਡੇ ਅਧਿਆਪਕਾਂ ਦੇ ਫਰਜ਼ ਹੋਰ ਵੀ ਵਧ ਜਾਂਦੇ ਹਨ ਕਿਉਂਕਿ ਛੋਟੇ ਬੱਚੇ ਆਪਣੇ ਅਧਿਆਪਕ ਤੋਂ ਸਭ ਨਾਲੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਬੱਚੇ ਉਹ ਹੀ ਸਿੱਖਦੇ ਹਨ ਜੋ ਅਸੀਂ ਉਹਨਾਂ ਨੂੰ ਸਿਖਾਉਂਦੇ ਹਾਂ ।ਉਹ ਤਾਂ ਕੱਚੀ ਮਿੱਟੀ ਹਨ ਜਿਵੇਂ ਮਰਜ਼ੀ ਉਨ੍ਹਾਂ ਨੂੰ ਢਾਲ ਲਵੋ ।ਬਚਪਨ ਵਿੱਚ ਸਿੱਖੀਆਂ ਗੱਲਾਂ ,ਬਚਪਨ ਵਿੱਚ ਸਿੱਖੀ ਸ਼ਬਦਾਵਲੀ ਸਾਰੀ ਉਮਰ ਉਨ੍ਹਾਂ ਦੇ ਨਾਲ ਰਹਿੰਦੀ ਹੈ ।

ਹੁਣ ਜਿੱਥੇ ਅਧਿਆਪਕ ਦਾ ਕਰਤੱਵ ਵਿਦਿਆਰਥੀਆਂ ਨੂੰ ਸਹੀ ਗਿਆਨ ਦੇਣਾ ਹੈ ਉੱਥੇ ਹੀ ਵਿਦਿਆਰਥੀਆਂ ਦਾ ਵੀ ਕਰਤੱਵ ਬਣਦਾ ਹੈ ਉਹ ਆਪਣੇ ਅਧਿਆਪਕ ਦਾ ਪੂਰਾ ਆਦਰ ਸਤਿਕਾਰ ਕਰੇ ,ਅਨੁਸ਼ਾਸਨ ਵਿਚ ਰਹੇ ਨਿਮਰਤਾ ਧਾਰਨ ਕਰੇ ।

ਅਧਿਆਪਕ ਜੇ ਝਿੜਕ ਵੀ ਦੇਵੇ ਤਾਂ ਉਸ ਦਾ ਗੁੱਸਾ ਨਾ ਮੰਨੋ ਕਿਉਂਕਿ ਉਹ ਤੁਹਾਡੇ ਮਾਪਿਆਂ ਵਾਂਗ ਤੁਹਾਡਾ ਭਲਾ ਹੀ ਚਾਹੁੰਦਾ ਹੈ । ਗੁਰਬਾਣੀ ਵਿੱਚ ਵੀ ਵਾਰ ਵਾਰ-ਵਾਰ ਗੁਰੂ ਦਾ ਦਰਜ਼ਾ ਸਭ ਤੋਂ ਉੱਚਾ ਦੱਸਿਆ ਗਿਆ ਹੈ । ਜੇਕਰ ਵਿਦਿਆਰਥੀ ਨੇ ਗਿਆਨ ਪ੍ਰਾਪਤ ਕਰਨਾ ਹੈ ਤਾਂ ਨਿਮਰਤਾ ਧਾਰਨ ਕਰਨੀ ਪਵੇਗੀ ਕਿਉਂਕਿ ਜੇਕਰ ਬਰਤਨ ਵਿੱਚ ਵੀ ਕੁੱਝ ਪਵਾਉਣਾ ਹੁੰਦਾ ਹੈ ਤਾਂ ਉਸਨੂੰ ਨੀਵਾਂ ਕਰਨਾ ਪੈਂਦਾ ਹੈ ।

ਸੋ ਅਧਿਆਪਕ ਦਿਵਸ ਤੇ ਮੈਂ ਤਾਂ ਇਹ ਹੀ ਕਹਿਣਾ ਚਾਹੁੰਦੀ ਹਾਂ ਕਿ ਪਰਮਾਤਮਾ ਨੇ ਅਧਿਆਪਕ ਨੂੰ ਸਭ ਤੋਂ ਸੋਹਣਾ ਕਿੱਤਾ ਬਖਸ਼ਿਸ਼ ਕੀਤਾ ਹੈ ਵਿਦਿਆਰਥੀਆਂ ਦੇ ਭਵਿੱਖ ਬਣਾਉਣ ਦਾ ।

ਆਓ ਆਪਣੇ ਕਿੱਤੇ ਦਾ ਫਰਜ਼ ਨਿਭਾਈਏ ਵਿਦਿਆਰਥੀ ਵੀ ਆਪਣੇ ਅਧਿਆਪਕਾਂ ਨੂੰ ਮਾਪਿਆਂ ਵਾਂਗ ਪੂਰਾ ਮਾਣ ਸਤਿਕਾਰ ਦੇਣ।

**ਹਰਦੀਪ ਕੌਰ ਛਾਜਲੀ**

# ਪੰਜਾਬ ਦੇ ਹਿੱਤ ਵਿੱਚ ਨਹੀਂ ਹੈ ਰਾਸ਼ਟਰਪਤੀ ਰਾਜ

**ਗੁਰਮੀਤ ਸਿੰਘ ਪਲਾਹੀ**

ਦੇਸ਼ ਭਾਰਤ ਦਾ ਸੂਬਾ ਪੰਜਾਬ, ਸੰਵਿਧਾਨਿਕ ਗੋਤੇ ਖਾ ਰਿਹਾ ਹੈ। ਇੱਕ ਪਾਸੇ ਪੰਜਾਬ ਦੇ ਸੰਵਿਧਾਨਿਕ ਮੁੱਖੀ ਰਾਜਪਾਲ ਬਨਵਾਰੀ ਲਾਲ ਪਰੋਹਿਤ ਦੇ ਖਤ ਹਨ, ਰਾਸ਼ਟਰਪਤੀ ਰਾਜ ਸੂਬੇ 'ਚ ਲਾਉਣ ਦੀਆਂ ਧਮਕੀਆਂ ਹਨ,ਦੂਜੇ ਪਾਸੇ ਚੁਣੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੇ ਤਿੱਖੇ ਜਵਾਬ ਹਨ। ਸੂਬੇ ਦੀ ਅਫ਼ਸਰਸ਼ਾਹੀ ਮੁਸਕਰੀਏ ਹੱਸ ਰਹੀ ਹੈ। ਪੰਜਾਬ ਦੇ ਲੋਕ, ਪ੍ਰੇਸ਼ਾਨ ਹਨ। ਸੋਚਦੇ ਹਨ ਕਿ ਪੰਜਾਬ 'ਚ ਰਾਸ਼ਟਰਪਤੀ ਦਾ ਰਾਜ ਉਹਨਾ ਨੂੰ ਕਦੇ ਵੀ ਰਾਸ ਨਹੀਂ ਆਇਆ ਅਤੇ ਨਾ ਕਦੇ ਆਵੇਗਾ। ਸੂਝਵਾਨ ਲੋਕਾਂ ਦਾ ਵਿਚਾਰ ਹੈ ਪੰਜਾਬ 'ਚ ਰਾਸ਼ਟਰਪਤੀ ਰਾਜ ਪੰਜਾਬ ਦੇ ਹਿੱਤ 'ਚ ਨਹੀਂ ਹੈ।

ਸੱਤਾ ਦੀ ਲਾਲਸਾ, ਸੱਤਾ ਦੀ ਦੌੜ, ਪੰਜਾਬ ਨੂੰ ਹਥਿਆਉਣ ਦੀਆਂ ਕੋਸ਼ਿਸ਼ਾਂ, ਪੰਜਾਬ ਦੇ ਸਿਆਸੀ ਮਾਹੌਲ ਨੂੰ ਤਾਂ ਲਾਂਬੂ ਲਾ ਹੀ ਰਹੀਆਂ ਹਨ, ਪਰ ਪੰਜਾਬ ਦੇ ਲੋਕਾਂ ਅੱਗੇ ਵੱਡਾ ਸਵਾਲ ਖੜਾ ਕਰ ਰਹੀਆਂ ਹਨ ਕਿ ਪਹਿਲਾਂ ਹੀ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ, ਆਖ਼ਰ ਕਿਹੜੇ ਰਾਹ ਤੋਰਨਾ ਚਾਹੁੰਦੇ ਹਨ ਸਿਆਸੀ ਆਗੂ? ਆਏ ਦਿਨ ਪੰਜਾਬ ਲਈ ਕੋਈ ਨਾ ਕੋਈ ਝੱਖੜ ਝੁਲਦਾ ਹੈ, ਕਦੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ 'ਚ ਲਿਆਕੇ ਸਾਜ਼ਿਸ਼ਾਂ ਦਾ ਦੌਰ ਚਲਾਇਆ ਜਾਂਦਾ ਹੈ ਅਤੇ ਕਦੇ ਗੈਂਗਸਟਾਰਾਂ ਰਾਹੀਂ ਕਲਾਕਾਰਾਂ, ਕੱਬਡੀ ਖਿਡਾਰੀਆਂ ਦੇ ਕਤਲਾਂ ਦੀ ਗੱਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਦੀ ਹੈ।

ਮੁੱਖ ਮੰਤਰੀ ਤੇ ਰਾਜਪਾਲ ਵਿਚਕਾਰ ਤਕਰਾਰ ਅਤੇ ਟਕਰਾਅ ਮੰਦਭਾਗਾ ਹੈ ਅਤੇ ਬੇਲੋੜਾ ਵੀ ਹੈ। ਪੰਜਾਬ ਦੇ ਰਾਜਪਾਲ ਆਖਦੇ ਹਨ ਕਿ ਉਹਨਾ ਨੇ ਮੁੱਖ ਮੰਤਰੀ ਪੰਜਾਬ ਨੂੰ 16 ਖਤ ਲਿਖੇ ਹਨ, ਪਰ ਜਵਾਬ ਕੋਈ ਨਹੀਂ ਮਿਲਿਆ। ਮੁੱਖ ਮੰਤਰੀ ਆਖਦੇ ਹਨ ਕਿ ਉਹਨਾ ਦੀ ਸਰਕਾਰ ਵਲੋਂ ਰਾਜਪਾਲ ਪੰਜਾਬ ਨੂੰ 6 ਬਿੱਲ ਪਾਸ ਕਰਨ ਲਈ ਭੇਜੇ ਹਨ, ਉਹ ਪ੍ਰਵਾਨਗੀ ਜਾਂ ਅਪ੍ਰਵਾਨਗੀ ਉਪਰੰਤ ਵਾਪਿਸ ਕਦੇ ਨਹੀਂ ਪਰਤੇ। ਮੁੱਖ ਮੰਤਰੀ ਆਖਦੇ ਹਨ ਕਿ ਰਾਜਪਾਲ ਪੰਜਾਬ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਨਿਰਾਦਰ ਕੀਤਾ ਹੈ।



ਰਾਜਪਾਲ ਪੰਜਾਬ ਨੇ ਸੰਵਿਧਾਨ ਦੀ ਧਾਰਾ 356 ਤਹਿਤ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਦਿੱਤੀ ਹੈ। ਰਾਜਪਾਲ ਨੇ ਮੁੱਖ ਮੰਤਰੀ ਵਲੋਂ ਵਰਤੀ ਗਈ ਅਪਮਾਨਜਨਕ ਸ਼ਬਦਾਵਲੀ ਸਬੰਧੀ ਧਾਰਾ 124 ਅਧੀਨ ਮੁੱਖ ਮੰਤਰੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਿਹਾ ਹੈ। ਇਸ ਕਿਸਮ ਦੀਆਂ ਧਮਕੀਆਂ ਅਤੇ ਇਸ ਤੋਂ ਪੈਦਾ ਹੋਏ ਮਾਹੌਲ ਕਾਰਨ ਪੰਜਾਬ ਦੀ ਅਫ਼ਸਰਸ਼ਾਹੀ 'ਚ ਅਜੀਬ ਜਿਹਾ ਡਰ ਵੇਖਣ ਨੂੰ ਮਿਲ ਰਿਹਾ ਹੈ, ਅਫ਼ਸਰਸ਼ਾਹੀ 'ਚ ਇਸ ਕਿਸਮ ਦੀ ਚਰਚਾ ਛਿੜ ਗਈ ਹੈ ਕਿ ਉਹ ਕਿਸ ਦੇ ਪੱਖ 'ਚ ਖੜਨ, ਚੁਣੀ ਹੋਈ ਸਰਕਾਰ ਦੇ ਮੁੱਖੀ ਦੇ ਪੱਖ 'ਚ ਜਾਂ ਫਿਰ ਸੰਵਿਧਾਨਿਕ ਮੁੱਖੀ ਦੇ ਹੱਕ 'ਚ। ਇਸ ਦੁਬਿਧਾ ਕਾਰਨ ਪੰਜਾਬ ਦਾ ਪ੍ਰਸ਼ਾਸ਼ਨਿਕ ਢਾਂਚਾ ਡਾਂਵਾਡੋਲ ਹੋਏਗਾ ਅਤੇ ਪਹਿਲਾਂ ਹੀ ਸਿਆਸੀ ਤੌਰ 'ਤੇ ਖਲਾਅ ਵਾਲੇ ਸੂਬੇ 'ਚ ਹੋਰ ਪ੍ਰਸ਼ਾਸ਼ਨਿਕ ਖਲਾਅ ਵੇਖਣ ਨੂੰ ਮਿਲੇਗਾ।

ਸੰਭਵ ਹੈ ਜਿਹੋ ਜਿਹਾ ਅਸੁਖਾਵਾਂ ਮਾਹੌਲ ਪੰਜਾਬ 'ਚ ਵੇਖਣ ਨੂੰ ਮਿਲ ਰਿਹਾ ਹੈ, ਰਾਜ ਦੀ ਚੁਣੀ ਹੋਈ ਸਰਕਾਰ, ਸੁਪਰੀਮ ਕੋਰਟ ਦਾ ਰੁਖ ਕਰੇ ਅਤੇ ਗਵਰਨਰ ਵਿਰੁੱਧ ਉੱਚ ਅਦਾਲਤ ਵਿੱਚ ਜਾਵੇ ਕਿ ਸੂਬੇ 'ਚ ਸਭ ਅੱਛਾ ਹੈ ਪਰ ਰਾਜਪਾਲ ਪੰਜਾਬ, ਪੰਜਾਬ ਦੀ ਸਥਿਤੀ ਅਸਥਿਰ ਕਰਨ 'ਤੇ ਤੁਲੇ ਹਨ ਅਤੇ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੇ ਹਨ ਜੋ ਕਿ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣ ਦੀ ਕੋਸ਼ਿਸ਼ ਹੈ। ਪਰ

ਸੁਪਰੀਮ ਕੋਰਟ ਜਾਣ ਲਈ ਵੱਡੇ ਵਕੀਲਾਂ ਦਾ ਖਰਚਾ ਤਾਂ ਪੰਜਾਬ ਦੇ ਟੈਕਸ ਅਦਾ ਕਰਨ ਵਾਲੇ ਲੋਕ ਹੀ ਚੁਕਣਗੇ ਦੋਵਾਂ ਧਿਰਾਂ ਦਾ। ਕੀ ਇਹ ਜਾਇਜ਼ ਹੈ?

ਪੰਜਾਬ ਸਮੇਂ-ਸਮੇਂ ਗਵਰਨਰੀ, ਰਾਸ਼ਟਰਪਤੀ ਰਾਜ ਦਾ ਸੰਤਾਪ ਭੋਗਦਾ ਰਿਹਾ ਹੈ। ਕੇਂਦਰ ਦੇ ਹਾਕਮਾ ਨੇ ਕਈ ਵੇਰ "ਪੰਜਾਬ ਦੀ ਸਥਿਤੀ ਨਾਜ਼ੁਕ ਹੈ" ਦਸਕੇ ਇਥੇ ਗਵਰਨਰੀ ਰਾਜ ਲਾਗੂ ਕੀਤਾ। ਪੰਜਾਬ 'ਚ ਮੌਕੇ ਦੇ ਕੇਂਦਰੀ ਹਾਕਮਾਂ ਆਪਹੁਦਰੇਪਨ ਅਤੇ ਧੱਕੇਸ਼ਾਹੀ ਨਾਲ ਇਥੇ ਰਾਜ ਕੀਤਾ। ਪਰ ਇਸ ਧੱਕੇ ਨੂੰ ਪੰਜਾਬੀਆਂ ਸਦਾ ਨਾਪਸੰਦ ਕੀਤਾ। ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆ "ਦਿੱਲੀ ਦੀਆਂ ਸਰਕਾਰਾਂ" ਨਾਲ ਦਸਤਪੰਜਾ ਲਿਆ ਅਤੇ ਉਹਨਾ ਵਲੋਂ ਕੀਤੀ ਗਈ ਕਿਸੇ ਵੀ ਜ਼ੋਰ-ਜ਼ਬਰਦਸਤੀ ਨੂੰ ਕਦੇ ਪਸੰਦ ਨਹੀਂ ਕੀਤਾ।

ਪੰਜਾਬ ਨੂੰ 8 ਵਰੇ ਰਾਸ਼ਟਰਪਤੀ ਰਾਜ ਵੇਖਣਾ ਪਿਆ ਹੈ, ਕੁਲ ਮਿਲਾਕੇ ਹੁਣ 3510 ਦਿਨ ਭਾਵ ਲਗਭਗ 10 ਵਰ੍ਹੇ। ਇੰਨਾ ਲੰਮਾ ਸਮਾਂ ਪੰਜਾਬ ਸਿੱਧਾ ਕੇਂਦਰ ਅਧੀਨ ਰਿਹਾ ਅਤੇ ਜ਼ਿਆਦਤੀਆਂ ਸਹਿੰਦਾ ਰਿਹਾ। ਭਾਰਤ 'ਚ ਪੰਜਾਬ ਪਹਿਲਾ ਰਾਜ ਬਣਿਆ ਜਿਥੇ 356 ਧਾਰਾ ਦੀ ਵਰਤੋਂ ਕਰਦਿਆਂ 20 ਜੂਨ 1951 ਨੂੰ 302 ਦਿਨਾਂ ਲਈ ਰਾਸ਼ਟਰਪਤੀ ਰਾਜ ਲਾਗੂ ਹੋਇਆ।

ਜਦੋਂ ਪੰਜਾਬ ਵੰਡਿਆ ਗਿਆ 1966 'ਚ, ਫਿਰ 5 ਜੁਲਾਈ 1966 ਤੋਂ 1 ਨਵੰਬਰ 1966 ਤੱਕ 119 ਦਿਨ ਇਥੇ ਰਾਸ਼ਟਰਪਤੀ ਨੇ ਰਾਜ ਕੀਤਾ।

ਗੱਠਜੋੜ 'ਚ ਤ੍ਰੇੜਾਂ ਕਾਰਨ 23 ਅਗਸਤ 1968 ਨੂੰ ਅਸੰਬਲੀ ਭੰਗ ਹੋਈ ਜੋ 178 ਦਿਨ ਤੱਕ ਭੰਗ ਰਹੀ। 14 ਜੂਨ 1971 ਤੋਂ 17 ਮਾਰਚ 1972 ਤੱਕ 277 ਦਿਨ, 30 ਅਪ੍ਰੈਲ 1977 ਤੋਂ 20 ਜੂਨ 1977 ਤੱਕ 51 ਦਿਨ ਅਤੇ ਫਿਰ 17 ਫਰਵਰੀ 1980 ਤੋਂ 6 ਜੂਨ 1980 ਤੱਕ ਰਾਸ਼ਟਰਪਤੀ ਰਾਜ ਰਿਹਾ। ਅਮਨ ਕਾਨੂੰਨ ਦੀ ਸਥਿਤੀ ਖਰਾਬ ਹੋਣ ਕਾਰਨ ਪਹਿਲਾਂ 10 ਅਕਤੂਬਰ 1983 ਤੋਂ 29 ਸਤੰਬਰ 1985 ਅਤੇ ਫਿਰ 11 ਮਈ 1987 ਤੋਂ 25 ਫਰਵਰੀ 1992 (ਲਗਭਗ 5 ਸਾਲ) ਤੱਕ ਪੰਜਾਬ 'ਚ ਸਰਕਾਰਾਂ ਦੀ ਚੋਣ ਨਹੀਂ ਹੋਈ ਤੇ ਰਾਸ਼ਟਰਪਤੀ ਨੇ ਰਾਜ ਕੀਤਾ।

ਪੰਜ ਸਾਲ ਦਾ ਇਹ ਅਰਸਾ, 356 ਦੀ ਧਾਰਾ ਦੇ ਵੀ ਵਿਰੁੱਧ ਸੀ, ਜਿਸ ਅਣਨੁਸਾਰ ਲਗਾਤਾਰ ਤਿੰਨ ਸਾਲ ਤੋਂ ਵੱਧ ਰਾਸ਼ਟਰਪਤੀ ਰਾਜ ਲਾਗੂ ਨਹੀਂ ਕੀਤਾ ਜਾ ਸਕਦਾ ਪਰ ਖਾੜਕੂਵਾਦ ਦੌਰਾਨ ਇਹ ਅਰਸਾ ਵੀ ਵਧਾ ਕੇ 5 ਸਾਲ ਕਰ ਦਿੱਤਾ ਗਿਆ ਸੀ।

ਪਰ ਜੇਕਰ ਹੁਣ ਪੰਜਾਬ ਦੇ ਰਾਜਪਾਲ ਸੂਬੇ 'ਚ ਸੰਵਿਧਾਨਕ ਤੰਤਰ ਫੇਲ੍ਹ ਹੋਣ ਦੇ ਨਾਮ ਉਤੇ ਪੰਜਾਬ ਅਸੰਬਲੀ ਇਸ ਅਧਾਰ 'ਤੇ ਭੰਗ ਕਰਨ ਦੀ ਸਿਫਾਰਸ਼ ਕਰਦੇ ਹਨ ਕਿ ਪੰਜਾਬ 'ਚ ਕਾਨੂੰਨ ਦੀ ਸਥਿਤੀ ਠੀਕ ਨਹੀਂ ਹੈ, ਨਸ਼ਿਆਂ ਦਾ ਪੰਜਾਬ 'ਚ ਪ੍ਰਕੋਪ ਵਧਿਆ ਹੈ, ਪੰਜਾਬ 'ਚ ਠੀਕ ਢੰਗ ਨਾਲ ਪ੍ਰਾਸ਼ਾਸ਼ਨ ਕੰਮ ਨਹੀਂ ਕਰ ਰਿਹਾ ਤਾਂ ਇਹ ਅਲੋਕਾਰੀ ਗੱਲ ਹੋਏਗੀ ਕਿਉਂਕਿ ਮਨੀਪੁਰ ਜਾਂ ਹਰਿਆਣਾ 'ਚ ਤਾਂ ਇਸ ਵੇਲੇ ਅਮਨ ਕਾਨੂੰਨ ਦੀ ਸਥਿਤੀ ਅਤਿਅੰਤ ਭੈੜੀ ਹੈ। ਉਥੋਂ ਦੇ ਗਵਰਨਰ ਉਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਿਉਂ ਨਹੀਂ ਕਰਦੇ? ਅਸਲ ਵਿੱਚ ਤਾਂ ਜਿਥੇ ਕਿਧਰੇ ਵੀ ਦੇਸ਼ ਵਿੱਚ ਭਾਜਪਾ ਵਿਰੋਧੀ ਸਰਕਾਰਾਂ ਹਨ, ਉਥੋਂ ਦੇ ਗਵਰਨਰ ਅੱਡੀ ਚੋਟੀ ਦਾ ਜ਼ੋਰ ਲਗਾਕੇ ਉਥੋਂ ਦੀਆਂ ਸਰਕਾਰਾਂ ਨੂੰ ਕੰਮ ਨਹੀਂ ਕਰਨ ਦੇ ਰਹੇ ਅਤੇ ਸਰਕਾਰਾਂ ਦੇ ਕੰਮ 'ਚ ਰੋੜੇ ਅਟਕਾ ਰਹੇ ਹਨ। ਦਿੱਲੀ ਦੀ ਸਰਕਾਰ ਦਾ ਹਸ਼ਰ ਤਾਂ ਵੇਖ ਹੀ ਚੁੱਕੇ ਹਨ ਦੇਸ਼ ਦੇ ਲੋਕ। ਪੱਛਮੀ ਬੰਗਾਲ ਸਰਕਾਰ ਨੂੰ ਅਸਥਿਰ ਕਰਨ ਲਈ ਚੱਲੀਆਂ ਜਾ ਰਹੀਆਂ ਚਾਲਾਂ ਲੋਕਾਂ ਸਾਹਮਣੇ ਹਨ। ਇਹੋ ਹਾਲ ਪੰਜਾਬ 'ਚ ਕੀਤੇ ਜਾਣਾ ਸ਼ਾਇਦ ਦਿੱਲੀ ਦੇ ਹਾਕਮਾਂ ਤਹਿ ਕੀਤਾ ਹੋਏਗਾ।

ਬਿਨ੍ਹਾਂ ਸ਼ੱਕ ਪੰਜਾਬ 'ਚ ਬੇਰੁਜ਼ਗਾਰੀ ਹੈ। ਪੰਜਾਬ, ਪ੍ਰਵਾਸ ਦੇ ਰਾਹ ਹੈ। ਪੰਜਾਬ, ਨਸ਼ੇ ਨੇ ਭੰਨਿਆ ਹੋਇਆ ਹੈ। ਪੰਜਾਬ ਆਰਥਿਕ ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਮੌਜੂਦਾ ਸਰਕਾਰ ਤੋਂ ਜਿਸ ਕਿਸਮ ਦੀ ਕਾਰਗੁਜ਼ਾਰੀ ਦੀ ਆਸ ਸੀ, ਉਹ ਪੂਰੀ ਨਹੀਂ ਹੋ ਰਹੀ। ਉਹਨਾ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਅਨੇਕ ਮੁਹਾਜ਼ਾਂ ਤੇ ਲੋਕ ਪੱਖੀ ਕੰਮ ਕਰਨ ਵਿੱਚ ਅਸਫ਼ਲ ਰਹੀ ਹੈ। ਸੂਬੇ 'ਚ ਨਿੱਤ ਮੁਜ਼ਾਹਰੇ ਹੋ ਰਹੇ ਹਨ।

ਕਿਸਾਨ ਜਥੇਬੰਦੀਆਂ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਖੜੀਆਂ ਹੋਈਆਂ ਹਨ, ਕਿਸਾਨਾਂ 'ਤੇ ਥਾਂ-ਥਾਂ ਲਾਠੀਚਾਰਜ ਹੋਇਆ

ਹੈ, ਪਰ ਉਹਨਾ ਦੀਆਂ ਮੰਗਾਂ ਪ੍ਰਤੀ ਸਰਕਾਰ ਸੰਜੀਦਾ ਨਹੀਂ। ਹੜ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨ ਅਤੇ ਮੁਆਵਜ਼ਾ ਦੇਣ ਪ੍ਰਤੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਖੜੇ ਹੋ ਰਹੇ ਹਨ। ਸੂਬੇ ਦੀਆਂ ਵਿਰੋਧੀ ਪਾਰਟੀਆਂ ਵੀ ਕਈ ਮਾਮਲਿਆਂ ਅਤੇ ਮੁੱਖ ਮਤਰੀ ਦੇ ਬਾਹਰਲੇ ਸੂਬਿਆਂ ਦੇ ਦੌਰਿਆਂ ਅਤੇ ਬਾਹਰਲੇ ਸੂਬਿਆਂ 'ਚ ਪੰਜਾਬ ਵਲੋਂ ਮੁਫਤ ਬਿਜਲੀ ਅਤੇ ਹੋਰ ਸਹੂਲਤਾਂ ਬਾਰੇ ਦਿੱਤੇ ਇਸ਼ਤਿਹਾਰਾਂ ਪ੍ਰਤੀ ਵੀ ਕਿੰਤੂ-ਪ੍ਰੰਤੂ ਕਰਦੀਆਂ ਹਨ।

ਵਿਰੋਧੀ ਨੇਤਾ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ, ਮਾਫੀਏ ਦੇ ਵਧਦੇ ਪ੍ਰਭਾਵ ਅਤੇ ਪਿੰਡ ਪੰਚਾਇਤਾਂ ਦੇ ਅਗਾਊਂ ਭੰਗ ਕੀਤੇ ਜਾਣ 'ਤੇ ਵੀ ਸਵਾਲ ਚੁੱਕਦੇ ਹਨ। ਪਰ ਕੀ ਇਹ ਅਧਾਰ ਰਾਸ਼ਟਰਪਤੀ ਰਾਸ਼ਟਰਪਤੀ ਰਾਜ ਲਗਾਉਣ ਲਈ ਕਾਫੀ ਹਨ?

ਆਖ਼ਿਰ ਸੰਵਿਧਾਨ ਦੀ ਧਾਰਾ 356 ਹੈ ਕੀ? ਇਸਦੀ ਵਰਤੋਂ ਰਾਸ਼ਟਰਪਤੀ ਕਿਹਨਾ ਹਾਲਤਾਂ 'ਚ ਕਰ ਸਕਦਾ ਹੈ। ਸੰਵਿਧਾਨ ਇਸ ਦੀ ਵਿਆਖਿਆ ਕਰਦਾ ਹੈ। ਸੰਵਿਧਾਨ 'ਚ ਦਰਜ਼ ਹੈ ਕਿ ਜੇਕਰ ਵਿਧਾਨ ਸਭਾ ਵਿੱਚ ਰਾਜ ਕਰਦੀ ਪਾਰਟੀ ਆਪਣਾ ਬਹੁਮਤ ਸਾਬਤ ਨਾ ਕਰ ਸਕੇ, ਜਾਂ ਸੂਬੇ ਵਿੱਚ ਹੰਗਾਮੀ ਸਥਿਤੀ ਹੋਵੇ, ਵਿਧਾਨ ਸਭਾ ਨੇ ਪੰਜ ਸਾਲ ਪੂਰੇ ਕਰ ਲਏ ਹੋਣ ਅਤੇ ਚੋਣਾਂ ਨਾ ਹੋ ਸਕਦੀਆਂ ਹੋਣ ਤਾਂ ਇਸ ਧਾਰਾ ਦੀ ਵਰਤੋਂ ਰਾਸ਼ਟਰਪਤੀ ਕਰ ਸਕਦਾ ਹੈ। ਰਾਸ਼ਟਰਪਤੀ ਉਸ ਹਾਲਤ ਵਿੱਚ ਵੀ ਇਸ ਦੀ ਵਰਤੋਂ ਕਰ ਸਕਦਾ ਹੈ ਕਿ ਜਦੋਂ ਸਦਨ ਭਾਵ ਵਿਧਾਨ ਸਭਾ 'ਚ ਰਾਜ ਕਰਦੀ ਪਾਰਟੀ ਦਾ ਬਹੁਮਤ ਅੰਕੜਾ ਹਿੱਲ ਜਾਏ ਜਾਂ ਰਾਜਪਾਲ ਇਹ ਮਹਿਸੂਸ ਕਰੇ ਕਿ ਸੂਬੇ 'ਚ ਰਾਜ ਕਰਦੀ ਪਾਰਟੀ ਸੰਵਿਧਾਨ ਦੇ ਨਿਯਮਾਂ ਮੁਤਾਬਿਕ ਕੰਮ ਨਹੀਂ ਕਰਦੀ ਅਤੇ ਜਾਂ ਸੰਵਿਧਾਨ ਦੇ ਮੂਲ ਭਾਵਨਾ ਦੀ ਅਣਦੇਖੀ ਕਰ ਰਹੀ ਹੈ ਤਾਂ ਰਾਸ਼ਟਰਪਤੀ, ਰਾਜਪਾਲ ਦੀ ਸਿਫਾਰਸ਼ ਉਤੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਪਰ 356 ਧਾਰਾ ਦੇ ਨਾਲ ਸੰਵਿਧਾਨ ਦੀ ਧਾਰਾ 355 ਵੀ ਪੜ੍ਹਨੀ ਪਵੇਗੀ ਜਿਸ ਵਿੱਚ ਦਰਜ਼ ਹੈ ਕਿ ਰਾਸ਼ਟਰਪਤੀ ਜੇਕਰ ਮਹਿਸੂਸ ਕਰੇ ਕਿ ਕਿਸੇ ਰਾਜ ਵਿੱਚ ਕਾਨੂੰਨ ਵਿਵਸਥਾ ਫੇਲ੍ਹ ਹੋ ਰਹੀ ਹੈ, ਸਰਕਾਰ ਲੋਕਾਂ ਦੀ ਜਾਨਮਾਲ ਦੀ ਰਾਖੀ ਕਰਨ ਤੋਂ ਅਸਮਰੱਥ ਹੈ ਤਾਂ ਉਥੇ ਰਾਜਪਾਲ/ ਰਾਸ਼ਟਰਪਤੀ ਰਾਜ ਲਗਾਇਆ ਜਾ ਸਕਦਾ ਹੈ। ਪਰ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਪਾਰਲੀਮੈਂਟ ਦੇ ਦੋਹਾਂ ਸਦਨø ਭਾਵ ਲੋਕ ਸਭਾ ਤੇ ਰਾਜ ਸਭਾ ਦੀ ਮਨਜ਼ੂਰੀ ਲੈਣੀ ਪਵੇਗੀ। ਪਰ ਉਪਰੰਤ ਵਿਆਖਿਆ ਦੇ ਮੱਦੇ ਨਜ਼ਰ ਪੰਜਾਬ 'ਇਹੋ ਜਿਹੇ ਹਾਲਾਤ ਨਹੀਂ ਹਨ ਕਿ ਰਾਸ਼ਟਰਪਤੀ ਰਾਜ ਲਾਗੂ ਹੋ ਸਕੇ।

ਰਾਸ਼ਟਰਪਤੀ ਰਾਜ ਲਗਾਉਣ ਨਾਲ ਸਰਕਾਰ ਦਾ ਸਿੱਧਾ ਕੰਟਰੋਲ ਅਫ਼ਸਰਸ਼ਾਹੀ ਅਤੇ ਪੁਲਿਸ ਅਧਿਕਾਰੀਆਂ ਕੋਲ ਹੋਏਗਾ। ਲੋਕ-ਹਿਤੈਸ਼ੀ ਫ਼ੈਸਲੇ ਲੈਣੇ ਦੂਰ ਦੀ ਗੱਲ ਹੋ ਜਾਏਗੀ। ਆਮ ਤੌਰ 'ਤੇ ਅਫ਼ਸਰਸ਼ਾਹੀ ਇਹੋ ਜਿਹੇ ਹਾਲਤਾਂ ਵਿੱਚ,ਸਿਆਸੀ ਲੋਕਾਂ ਜਿੰਨੀ ਲੋਕ ਭਲਾਈ ਦੇ ਕਾਰਜ਼ਾਂ ਲਈ ਵਰਤੀ ਜਾਂਦੀ ਇਛਾ ਸ਼ਕਤੀ ਨਹੀਂ ਰੱਖਦੀ, ਕਿਉਂਕਿ ਉਹਨਾ ਨੇ ਨਾ ਤਾਂ ਲੋਕਾ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ ਅਤੇ ਨਾ ਹੀ ਕੋਈ ਵਾਹ-ਵਾਹ ਖੱਟਣੀ ਹੁੰਦੀ ਹੈ। ਇੰਜ ਸੂਬੇ ਦੇ ਲੋਕ ਅਣਗੌਲੇ ਰਹਿ ਜਾਦੇ ਹਨ।

ਅੱਜ ਪੰਜਾਬ ਦੇ ਜੋ ਹਾਲਾਤ ਹਨ, ਉਸਦੇ ਗਾਡੀਰਾਹ, ਇਹੋ ਜਿਹੇ ਸਿਆਸਤਦਾਨ ਹੀ ਬਣ ਸਕਦੇ ਹਨ, ਜਿਹੜੇ ਪੰਜਾਬ ਨੂੰ ਆਰਥਿਕ ਮੰਦੀ 'ਚੋਂ ਕੱਢਣ ਯੋਗ ਹੋਣ, ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਦ੍ਰਿੜ ਇਛਾ ਸ਼ਕਤੀ ਰੱਖਦੇ ਹੋਣ। ਕਿਉਂਕਿ ਪੰਜਾਬ ਦੇ ਲੋਕ ਸਦਾ ਹੀ ਸੱਚ ਦੇ ਪਹਿਰੇਦਾਰ ਰਹੇ ਹਨ ਅਤੇ ਉਹਨਾ ਲੋਕਾਂ ਨਾਲ ਜਜ਼ਬਾਤੀ ਤੌਰ 'ਤੇ ਤੁਰਨ ਤੋਂ ਗੁਰੇਜ਼ ਨਹੀਂ ਕਰਦੇ, ਜਿਹਨਾ ਤੋਂ ਰਤੀ ਭਰ ਵੀ ਉਹਨਾ ਨੂੰ ਹੱਸਦਾ-ਰਸਦਾ-ਵਸਦਾ ਪੰਜਾਬ ਬਨਾਉਣ ਦੀ ਆਸ ਬੱਝਦੀ ਹੈ।


ਰਾਸ਼ਟਰਪਤੀ ਰਾਜ ਕਿਸੇ ਤਰ੍ਹਾਂ ਵੀ ਪੰਜਾਬ ਦੇ ਹਿੱਤ 'ਚ ਨਹੀਂ। ਲੋਕਤੰਤਰੀ ਕਦਰਾਂ-ਕੀਮਤਾਂ ਦੇ ਰਾਖੇ ਪੰਜਾਬੀ, ਕਿਸੇ ਵੀ ਚੁਣੀ ਹੋਈ ਸੂਬਾ ਸਰਕਾਰ ਵੀ ਬਰਖਾਸਤਗੀ ਪ੍ਰਵਾਨ ਨਹੀਂ ਕਰਨਗੇ, ਕਿਉਂਕਿ ਉਹ ਦੇਸ਼ ਦੇ ਸੰਘੀ ਢਾਂਚੇ, ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ, ਇਥੋਂ ਤੱਕ ਕਿ ਸੂਬਿਆਂ ਦੀ ਖੁਦਮੁਖਤਿਆਰੀ ਦੇ ਹਾਮੀ ਹਨ। ਪੰਜਾਬੀ ਹਰ ਉਸ ਜ਼ਬਰ ਦੇ ਵਿਰੋਧ ਵਿੱਚ ਖੜਨ ਤੋਂ ਕਦੇ ਵੀ ਨਹੀਂ ਡਰਦੇ, ਜਿਹੜਾ ਉਹਨਾ ਤੇ ਜ਼ਬਰੀ ਥੋਪ ਦਿੱਤਾ ਜਾਦਾ ਹੈ। ਦੇਸ਼ 'ਚ ਲਗਾਈ ਐਮਰਜੈਂਸੀ ਦਾ ਵਿਰੋਧ ਅਤੇ ਕਿਸਾਨਾਂ ਵਿਰੁੱਧ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਉਹਨਾ ਦੀ ਪਹਿਲ, ਜੱਗ ਜਾਣੀ ਜਾਂਦੀ ਹੈ।

**ਗੁਰਮੀਤ ਸਿੰਘ ਪਲਾਹੀ**

# ਪੰਜਾਬ ਦੀ ਵੰਡ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜ਼ਾਂ ਨੇ ਆਪਸੀ ਸਹਿਮਤੀ ਨਾਲ ਲੋਕਾਂ ਉੱਪਰ ਠੋਸੀ –ਸਤਨਾਮ ਸਿੰਘ ਮਾਣਕ

ਸਰੀ, 30 ਅਗਸਤ (ਹਰਦਮ ਮਾਨ)-ਜੇਕਰ ਕਾਂਗਰਸ ਪਾਰਟੀ ਮੁਸਲਿਮ ਭਾਈਚਾਰੇ ਨੂੰ ਪੂਰੀ ਤਰ੍ਹਾਂ ਨਾਲ ਲੈ ਕੇ ਚਲਦੀ ਤਾਂ ਅੰਗਰੇਜ਼ਾਂ ਨੂੰ ਭਾਰਤ ਦੀ ਵੰਡ ਕਰਨ ਦਾ ਬਹਾਨਾ ਨਾ ਮਿਲਦਾ। ਅੰਗਰੇਜ਼ ਨਹੀਂ ਸੀ ਚਾਹੁੰਦੇ ਕਿ ਭਾਰਤ ਇਕ ਰਾਸ਼ਟਰ ਰਹੇ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਆਜ਼ਾਦ ਭਾਰਤ ਰੂਸ ਨਾਲ ਜੁੜ ਜਾਂਦਾ ਹੈ ਤਾਂ ਦੁਨੀਆਂ ਦਾ ਸੰਤੁਲਨ ਵਿਗੜ ਜਾਵੇਗਾ, ਭਾਰਤ ਇਕ ਮਹਾਂ-ਸ਼ਕਤੀ ਵਜੋਂ ਉੱਭਰ ਸਕਦਾ ਹੈ ਅਤੇ ਸਾਮਰਾਜੀ ਤਾਕਤਾਂ ਹੱਥੋਂ ਵਿਸ਼ਵ ਦੀ ਲੀਡਰਸ਼ਿਪ ਖੁੱਸ ਸਕਦੀ ਹੈ। ਇਹ ਵਿਚਾਰ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਜੀਵੇ ਪੰਜਾਬ ਅਦਬੀ ਸੰਗਤ ਅਤੇ ਸਾਊਥ ਏਸ਼ੀਅਨ ਰੀਵਿਊ ਕੈਨੇਡਾ ਵੱਲੋਂ ਪੰਜਾਬ ਅਤੇ ਪੰਜਾਬ ਦੀ ਵੰਡ ਵਿਸ਼ੇ ਉੱਪਰ ਆਨ-ਲਾਈਨ ਕਰਵਾਈ ਗਈ ਵਿਚਾਰ ਚਰਚਾ ਦੌਰਾਨ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਨੂੰ ਇਹ ਵੀ ਖ਼ਦਸ਼ਾ ਸੀ ਕਿ ਜੇ ਭਾਰਤ ਇਕਜੁੱਟ ਰਹਿੰਦਾ ਹੈ ਤਾਂ ਇਹ ਆਰਥਿਕ ਤੌਰ ਤੇ ਵੀ ਸਮਰੱਥ ਤਾਕਤ ਬਣ ਸਕਦਾ ਹੈ। ਅਸਲ ਵਿਚ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜ਼ਾਂ ਨੇ ਆਪਸੀ ਸਹਿਮਤੀ ਨਾਲ ਹੀ ਭਾਰਤ (ਪੰਜਾਬ) ਦੀ ਵੰਡ ਭਾਰਤੀਆਂ ਉੱਪਰ ਠੋਸੀ ਹੈ ਅਤੇ ਇਸ ਦਾ ਸਭ ਤੋਂ ਵੱਧ ਸੰਤਾਪ ਪੰਜਾਬੀ ਨੂੰ ਸਹਿਣਾ ਪਿਆ ਹੈ। ਇਹ ਇਕ ਅਣਮਨੁੱਖੀ ਕਾਰਾ ਸੀ ਜਿਸ ਵਿਚ 10 ਲੱਖ ਲੋਕ ਇਸ ਫਿਰਕੂ ਹਨੇਰੀ ਵਿਚ ਮਾਰੇ ਗਏ ਅਤੇ ਇਕ ਕਰੋੜ ਲੋਕਾਂ ਨੂੰ ਉਜਾੜਾ ਸਹਿਣਾ ਪਿਆ। ਉਨ੍ਹਾਂ ਕਿਹਾ ਕਿ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਘਟਨਾ ਨੂੰ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਮੰਨਿਆ ਗਿਆ ਹੈ ਪਰ



ਪੰਜਾਬ ਦਾ ਇਹ ਦੁਖਾਂਤ ਵੀ ਓਨਾ ਹੀ ਵੱਡਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਉਸ ਵੇਲੇ ਮੁਸਲਮਾਨ, ਸਿੱਖ, ਹਿੰਦੂ ਭਾਈਚਾਰੇ ਦੇ ਲੋਕਾਂ ਨੇ ਇਕ ਦੂਜੇ ਨੂੰ ਮਾਰਿਆ, ਲੁੱਟ ਖਸੁੱਟ ਕੀਤੀ, ਔਰਤਾਂ ਨੂੰ ਬੇਪਤ ਕੀਤਾ। ਕਿਸੇ ਨੇ ਵੱਧ ਕੀਤਾ ਅਤੇ ਕਿਸੇ ਨੇ ਘੱਟ। ਇਸ ਅਣਮਨੁੱਖੀ ਇਤਿਹਾਸ ਦੀ ਸ਼ਰਮਿੰਦਗੀ ਸਾਨੂੰ ਹਮੇਸ਼ਾ ਰਹੇਗੀ ਅਤੇ ਸਾਨੂੰ ਸਰਹੱਦਾਂ ਦੇ ਆਰਪਾਰ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਇਤਿਹਾਸਕ ਘਟਨਾਵਾਂ ਦਾ ਨਿਰਪੱਖ ਦ੍ਰਿਸ਼ਟੀਕੋਣ ਅਤੇ ਪੰਜਾਬ ਦੇ ਨਜ਼ਰੀਏ ਤੋਂ ਵਿਸਲੇਸ਼ਣ ਕਰਨਾ ਚਾਹੀਦਾ ਹੈ ਅਤੇ ਜਿਹੜੇ ਜਿਹੜੇ ਭਾਈਚਾਰੇ ਤੋਂ ਗ਼ਲਤੀ ਹੋਈ ਉਸ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।

ਪੰਜਾਬੀਆਂ ਦੇ ਅਜੋਕੇ ਸਰੋਕਾਰਾਂ ਦੀ ਗੱਲ ਕਰਦਿਆਂ ਸ੍ਰੀ ਮਾਣਕ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਵਿਚ ਅਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਵੱਲੋਂ ਨਵੀਂ ਪੀੜ੍ਹੀ ਤੱਕ ਆਪਣਾ ਇਤਿਹਾਸ, ਵਿਰਸਾ, ਸਭਿਆਚਾਰ ਪੁਚਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਸਰੋਕਾਰਾਂ ਦੀ ਪੂਰਤੀ ਲਈ, ਆਪਣੀ ਆਰਥਿਕ ਖੁਸ਼ਹਾਲੀ ਲਈ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਨੂੰ ਇਹ ਮੁੱਦਾ ਉਠਾਉਣਾ ਚਾਹੀਦਾ ਹੈ ਕਿ ਲੋਕਾਂ ਨੂੰ ਦੋਹਾਂ ਦੇਸ਼ਾਂ ਵਿਚ ਆਉਣ-ਜਾਣ ਦੀ ਆਜ਼ਾਦੀ ਦਿੱਤੀ ਜਾਵੇ ਤਾਂ ਕਿ ਇਕ ਦੂਜੇ ਦੇ ਸਹਿਯੋਗ ਨਾਲ ਅਸੀਂ ਆਰਥਿਕ ਖੁਸ਼ਹਾਲੀ ਹਾਸਲ ਕਰ ਸਕੀਏ ਅਤੇ ਆਪਣੀ ਪਹਿਚਾਣ, ਆਪਣਾ ਵਿਰਸਾ, ਸੱਭਿਆਚਾਰ, ਆਪਣੀ ਬੋਲੀ ਨੂੰ ਅੱਗੇ ਵਧਾ ਸਕੀਏ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਸਰੋਕਾਰਾਂ, ਆਪਣੇ ਅਤੀਤ, ਵਰਤਮਾਨ ਅਤੇ ਭਵਿੱਖ ਲਈ ਚਿੰਤਨ, ਮੰਥਣ ਕਰਦੇ ਰਹਿਣਾ ਚਾਹੀਦਾ ਹੈ। ਸਤਨਾਮ ਸਿੰਘ ਮਾਣਕ ਨੇ ਇਹ ਵੀ ਕਿਹਾ ਕਿ ਜੇ ਭਾਰਤ ਅਤੇ ਪਾਕਿਸਤਾਨ ਨੇ ਤਰੱਕੀ ਕਰਨੀ ਹੈ ਤਾਂ ਦੋਹਾਂ ਦੇਸ਼ਾਂ ਵਿਚ ਵਸਦੀਆਂ ਵੱਖ ਵੱਖ ਕੌਮਾਂ ਨੂੰ ਬਣਦਾ ਮਾਣ ਸਤਿਕਾਰ ਮਿਲਣਾ ਚਾਹੀਦਾ ਹੈ ਅਤੇ ਸਿੱਖਿਆ, ਪ੍ਰਸਾਸ਼ਨ ਅਤੇ ਨਿਆਂ ਪ੍ਰਣਾਲੀ ਵਿਚ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਇਸ ਵਿਚਾਰ ਚਰਚਾ ਦਾ ਸੰਚਾਲਨ ਨਵਰੂਪ ਸਿੰਘ ਨੇ ਕੀਤਾ ਅਤੇ ਭੁਪਿੰਦਰ ਮੱਲ੍ਹੀ ਨੇ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਸਤਿਨਾਮ ਸਿੰਘ ਮਾਣਕ ਅਤੇ ਵਿਚਾਰ ਚਰਚਾ ਵਿਚ ਸ਼ਾਮਲ ਹੋਏ ਕੈਨੇਡਾ, ਭਾਰਤ, ਇੰਗਲੈਂਡ, ਅਮਰੀਕਾ, ਪਾਕਿਸਤਾਨ ਦੇ ਸੂਝਵਾਨ ਅਤੇ ਪੰਜਾਬ ਲਈ ਸਿਨੇਹ ਰੱਖਣ ਵਾਲੇ ਪੰਜਾਬੀਆਂ ਦਾ ਧੰਨਵਾਦ ਕੀਤਾ।

**ਹਰਦਮ ਮਾਨ**

The HinCanaDian Times
A Multilingual Newspaper
WORLD, BUSINESS, LIFESTYLE, SPORTS
A weekly Leading Newspaper
Email : thehindcanadiantimes@gmail.com

# ਬਰੈਂਪਟਨ ਵਿੱਚ ਪਹਿਲੇ 'ਵਿਸ਼ਵ ਪੰਜਾਬੀ ਭਵਨ' ਦੀ ਸਥਾਪਨਾ




ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਜੀ ਵੱਲੋਂ ਵਿਲੇਜ਼ ਆਫ ਇੰਡੀਆ 114 ਕੈਨੇਡੀ ਰੋਡ ਬਰੈਂਪਟਨ ਵਿਖੇ ਐਤਵਾਰ 27 ਅਗਸਤ ਨੂੰ 2ਤੋਂ 5 ਵਜੇ ਸ਼ਾਮ ਨੂੰ ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨ ਸਮਾਰੋਹ ਕੀਤਾ ਗਿਆ । ਡਾ ਦਲਬੀਰ ਸਿੰਘ ਕਥੂਰੀਆ ਜੀ ਦੇ ਪਿਤਾ ਜੀ ਸ . ਸੁਬੇਗ ਸਿੰਘ ਕਥੂਰੀਆ ਜੀ ਨੇ ਰਿਬਨ ਕੱਟ ਕਰ ਕੇ ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨ ਕੀਤਾ । ਇਸ ਮੌਕੇ ਤੇ ਓਨਟਾਰਿਓ ਦੀਆਂ ਬਹੁਤ ਸਾਰੀਆਂ ਸਭਾਵਾਂ ਦੇ ਮੁਖੀ ਤੇ ਮੈਂਬਰਜ਼ ਹਾਜ਼ਰ ਸਨ । ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਪਹਿਲਾਂ ਸ . ਸੁਬੇਗ ਸਿੰਘ ਕਥੂਰੀਆ ਜੀ ਨੂੰ ਰਿਬਨ ਕੱਟ ਕਰਨ ਦੀ ਰਸਮ ਅਦਾ ਕਰਨ ਲਈ ਕਿਹਾ ਤੇ ਫਿਰ ਉਹਨਾਂ ਨੂੰ ਇਸ ਸ਼ੁੱਭ ਅਵਸਰ ਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ । ਸੁੰਦਰਪਾਲ ਰਾਜਾਸਾਂਸੀ ਦੀ ਟੀਮ ਵੱਲੋਂ ਗਿੱਧਾ ਪੇਸ਼ ਕੀਤਾ ਗਿਆ । ਸ ਗੁਰਮਿੰਦਰਪਾਲ ਸਿੰਘ ਆਹਲੂਵਾਲੀਆ ਜੀ ਨੇ ਸਟੇਜ ਦੀ ਜ਼ੁੰਮੇਵਾਰੀ ਨੂੰ ਬਾਖ਼ੂਬੀ ਨਿਭਾਇਆ । ਪੰਜ ਲੇਖਕਾਂ ਦੀਆਂ ਕਿਤਾਬਾਂ ਨੂੰ ਰੀਲੀਜ਼ ਕੀਤਾ ਗਿਆ । ਜਿਹਨਾਂ ਵਿੱਚ ਡਾ ਦਲਬੀਰ ਸਿੰਘ ਕਥੂਰੀਆ ਜੀ ਦੀਆਂ ਦੋ ਕਿਤਾਬਾਂ "ਪੰਜਾਬੀ ਸਾਹਿਤ ਅਤੇ ਸਭਿਆਚਾਰ "ਸੰਪਾਦਕ ਸੁਖਿੰਦਰ ਅਤੇ ਡਾ ਦਲਬੀਰ ਸਿੰਘ ਕਥੂਰੀਆ ਤੇ ਦੂਸਰੀ ਕਿਤਾਬ " ਪੰਜਾਬੀ ਭਾਸ਼ਾ ਅਤੇ ਵਿਰਸਾ ਸੰਪਾਦਕ ਡਾ ਦਲਬੀਰ ਸਿੰਘ ਕਥੂਰੀਆ ਅਤੇ ਲੈਕ . ਬਲਬੀਰ ਕੌਰ ਰਾਏਕੋਟੀ , ਪ੍ਰੋ ਗੁਰਭਜਨ ਗਿੱਲ ਜੀ ਸਰਪ੍ਰਸਤ ਵਿਸ਼ਵ ਪੰਜਾਬੀ ਸਭਾ ਦੀ " ਅੱਖਰ ਅੱਖਰ " ਕਿਤਾਬ ਨੂੰ ਵੀ ਰੀਲੀਜ਼ ਕੀਤਾ ਗਿਆ ਜੋਕਿ ਉਹਨਾਂ ਦੀਆਂ 11 ਗੀਤ , ਗ਼ਜ਼ਲ ਤੇ ਨਜ਼ਮਾਂ ਦੀਆਂ ਕਿਤਾਬਾਂ ਦੀ ਇੱਕ ਅਣਮੋਲ ਕਿਤਾਬ ਹੈ , ਰਮਿੰਦਰ ਰੰਮੀ ਦੀਆਂ ਦੋ ਕਿਤਾਬਾਂ ਨਜ਼ਮਾਂ ਦੀਆਂ " ਕਿਸਨੂੰ ਆਖਾਂ ਤੇ ਤੇਰੀ ਚਾਹਤ ", ਸ ਰਵਿੰਦਰ ਸਿੰਘ ਕੰਗ ਚੇਅਰਮੈਨ ਓਨਟਾਰੀਓ ਫਰੈਂਡਜ਼ ਕਲੱਬ ਦੀ ਮਿਨੀ ਕਹਾਣੀਆਂ ਦੀ ਸੰਪਾਦਿਤ ਕਿਤਾਬ " ਫਲਕ " ਤੇ

ਵਰਿਆਮ ਮਸਤ ਜੀ ਦਾ ਨਾਵਲ ਸਨ । ਬਾਦ ਵਿੱਚ ਵਿਦਵਾਨਾਂ ਵੱਲੋਂ ਵਿਚਾਰਾਂ ਵੀ ਹੋਈਆਂ , ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸ . ਦਲਬੀਰ ਸਿੰਘ ਕਥੂਰੀਆ ਜੀ ਤੇ ਰਮਿੰਦਰ ਰੰਮੀ ਦੀਆਂ ਕਿਤਾਬਾਂ ਤੇ ਖੁੱਲ ਕੇ ਆਪਣੇ ਵਿਚਾਰ ਪੇਸ਼ ਕੀਤੇ । ਸੱਭ ਸੰਸਥਾਵਾਂ ਦੇ ਮੁਖੀਆਂ ਵੱਲੋਂ ਵਿਚਾਰਾਂ ਵੀ ਹੋਈਆਂ ਤੇ ਸੱਭ ਦੀ ਇੱਕ ਹੀ ਰਾਇ ਸੀ ਕਿ ਡਾ ਕਥੂਰੀਆ ਜੀ ਨੇ ਵਿਸ਼ਵ ਪੰਜਾਬੀ ਭਵਨ ਦਾ ਨਿਰਮਾਣ ਕਰਕੇ ਬਹੁਤ ਸ਼ਲਾਘਾਯੋਗ ਉਪਰਾਲਾ ਕੀਤਾ ਹੈ । ਇੱਥੇ ਹੁਣ ਪੰਜਾਬੀ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਸੰਬੰਧੀ , ਪੰਜਾਬੀ ਵਿਰਸਾ ਤੇ ਸੱਭਿਆਚਾਰਿਕ ਪ੍ਰੋਗਰਾਮ ਕੋਈ ਵੀ ਸਾਹਿਤਕ ਪ੍ਰੇਮੀ ਆ ਕੇ ਕਰਾ ਸਕਦਾ ਹੈ । ਕਿਸੇ ਨੇ ਕੋਈ ਪ੍ਰੋਗਰਾਮ ਕਰਾਉਣਾ ਹੁੰਦਾ ਹੈ ਤੇ ਜਗਹ ਦੀ ਬੁੱਕਿੰਗ ਤੇ ਘੰਟਿਆ ਦੇ ਹਿਸਾਬ ਕਿਰਾਇਆ ਵਸੂਲ ਕਰਦੇ ਸਨ ਜਿੱਥੇ ਜਗਹ ਕਿਰਾਏ ਤੇ ਲਈ ਜਾਂਦੀ ਹੈ । ਬਹੁਤ ਪ੍ਰਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕਥੂਰੀਆ ਜੀ ਨੇ ਸੱਭ ਨੂੰ ਖੁੱਲਾ ਸੱਦਾ ਦਿੱਤਾ ਹੈ ਕਿ ਤੁਸੀਂ ਆ ਕੇ ਪ੍ਰੋਗਰਾਮ ਕਰ ਸਕਦੇ ਹੋ ਤੇ ਚਾਹ ਪਾਣੀ ਵੀ ਫਰੀ ਸਰਵ ਹੋਏਗਾ । ਬਹੁਤ ਸੋਹਣਾ ਵੱਡਾ ਸਾਫ ਸੁੱਥਰਾ ਹਾਲ , ਲਾਲ ਰੰਗ ਦੀਆਂ ਸਜੀਆਂ ਕੁਰਸੀਆਂ , ਬਹੁਤ ਵੱਡੀ ਸਟੇਜ ਤੇ ਮੀਟਿੰਗਜ਼ ਸੰਬੰਧੀ ਲੋੜੀਂਦਾ ਸਾਰਾ ਸਮਾਨ ਉੱਥੇ ਮੌਜੂਦ ਹੈ । ਕਥੂਰੀਆ ਜੀ ਦੇ ਵਿਚਾਰ ਮੁਤਾਬਿਕ ਇਹ ਪ੍ਰੇਰਣਾ ਉਹਨਾਂ ਨੂੰ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਪ੍ਰੋ ਗੁਰਭਜਨ ਗਿੱਲ ਜੀ ਨੇ ਦਿੱਤੀ ਸੀ । ਸੱਭਨਾਂ ਸਭਾਵਾਂ ਵੱਲੋਂ ਲਿਆ ਸੁਪਨਾ ਸਾਕਾਰ ਹੋਣ ਤੇ ਸਾਰੇ ਹੀ ਡਾ ਦਲਬੀਰ ਸਿੰਘ ਕਥੂਰੀਆ ਜੀ ਨੂੰ ਵਧਾਈਆਂ ਦੇ ਰਹੇ ਸਨ । ਇਸ ਸ਼ੁੱਭ ਅਵਸਰ ਤੇ ਡਾ ਦਲਬੀਰ ਸਿੰਘ ਕਥੂਰੀਆ ਜੀ ਦੇ ਸੱਭ ਪਰਿਵਾਰਿਕ ਮੈਂਬਰ ਤੇ ਉਹਨਾਂ ਦੀ ਪਤਨੀ ਸ੍ਰੀਮਤੀ ਤਜਿੰਦਰ ਕੌਰ ਕਥੂਰੀਆ ਜੀ ਵੀ ਹਾਜ਼ਰ ਸੀ । ਬਾਦ ਵਿੱਚ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਆਏ ਹੋਏ ਕਵੀ ਸਾਹਿਬਾਨਾਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ ।ਸ . ਸੁਬੇਗ ਸਿੰਘ ਕਥੂਰੀਆ ਜੀ ਨੇ ਸੁਲਤਾਨ ਬਾਹੂ ਦਾ ਕਲਾਮ ਤਰੰਨਮ ਵਿੱਚ ਗਾ ਕੇ ਸੱਭ ਦਾ ਮਨ ਮੋਹ ਲਿਆ। ਡਾ ਅਫ਼ਜ਼ਲ ਰਾਜ ਪ੍ਰਧਾਨ ਵਿਸ਼ਵ ਪੰਜਾਬੀ ਸਭਾ ਪਾਕਿ . , ਇੰਦਰਜੀਤ ਸਿੰਘ ਬੱਲ , ਡਾ ਪਰਗਟ ਸਿੰਘ ਬੱਗਾ , ਇਕਬਾਲ ਮਾਹਲ , ਸ ਦਲਜੀਤ ਸਿੰਘ ਗੈਦੂ , ਹਰਦਿਆਲ ਸਿੰਘ ਝੀਤਾ , ਪਿਆਰਾ ਸਿੰਘ ਕੁੱਦੋਵਾਲ , ਸੁਰਜੀਤ ਕੌਰ , ਰਮਿੰਦਰ ਰੰਮੀ , ਮਲੂਕ ਸਿੰਘ ਕਾਹਲੋਂ , ਕਰਨ ਅਜੈਬ ਸਿੰਘ ਸੰਘਾ , ਸੁਖਦੇਵ ਸਿੰਘ ਝੰਡ , ਮਕਸੂਦ ਚੌਧਰੀ , ਵਰਿਆਮ ਮਸਤ , ਸੁਜਾਨ ਸਿੰਘ ਸੁਜਾਨ , ਜਗੀਰ ਸਿੰਘ ਕਾਹਲੋਂ , ਰਵਿੰਦਰ ਸਿੰਘ ਕੰਗ , ਡਾ ਜਗਮੋਹਨ ਸੰਘਾ , ਕੁਲਦੀਪ , ਮੇਜਰ ਨਾਗਰਾ , ਪਰਮਜੀਤ ਸਿੰਘ ਬਿਰਦੀ , ਰਜਿੰਦਰ ਸੈਣੀ ਪਰਵਾਸੀ ਮੀਡੀਆ , ਡਾ ਬਲਵਿੰਦਰ ਸਿੰਘ ਸਰਗਮ ਰੇਡੀਓ , ਹਰਜੀਤ ਸਿੰਘ ਗਿੱਲ , ਰੋਸ਼ਨ ਪਾਠਕ , ਸੋਹਣ ਸਿੰਘ ਪਰਮਾਰ , ਗਿਆਨ ਸਿੰਘ ਕੰਗ ਚੇਅਰਮੈਨ , ਡਾ ਦਵਿੰਦਰ ਸਿੰਘ ਮਾਨ , ਹਰਭਜਨ ਕੌਰ ਗਿੱਲ , ਇਕਬਾਲ ਬਰਾੜ , ਬਲਰਾਜ ਚੀਮਾ ਧਿਆਨ ਸਿੰਘ ਮਿਗਲਾਨੀ , ਸਰਬਜੀਤ ਮਿਗਲਾਨੀ , ਇੰਦਰਪਾਲ ਸਿੰਘ ਅਰੋੜਾ , ਜਗਜੀਤ ਸਿੰਘ ਅਰੋੜਾ , ਗੁਰਮੀਤ ਸਿੰਘ ਕਥੂਰੀਆ ਤੇ ਹੋਰ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਇਸ ਉਦਘਾਟਨ ਸਮਾਰੋਹ ਵਿੱਚ ਸ਼ਿਰਕਤ ਕੀਤੀ ।ਹਾਜ਼ਰੀਨ ਸੱਭ ਮੈਂਬਰਜ਼ ਵੱਲੋਂ ਡਾ ਦਲਬੀਰ ਸਿੰਘ ਜੀ ਨੂੰ ਇਸ ਉਦਘਾਟਨੀ ਸਮਾਰੋਹ ਸਮੇਂ ਇਸ ਸ਼ੁੱਭ ਕਾਰਜ ਲਈ ਦਿਲੋਂ ਮੁਬਾਰਕਾਂ ਤੇ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ । ਰਵਿੰਦਰ ਸਿੰਘ ਕੰਗ ਵੱਲੋਂ ਡਾ ਦਲਬੀਰ ਸਿੰਘ ਜੀ ਦੇ ਮਾਤਾ ਜੀ ਤੇ ਪਿਤਾ ਜੀ ਸ ਸੁਬੇਗ ਸਿੰਘ ਜੀ ਕਥੂਰੀਆ ਨੂੰ ਸਿਰੋਪੇ ਤੇ ਮਾਲਾ ਪਹਿਨਾ ਕੇ ਸਨਮਾਨਿਤ ਕੀਤਾ ਗਿਆ ।ਹਰਪ੍ਰੀਤ ਸਿੰਘ ਬਾਂਗਾ ਤੇ ਪਰਮਪ੍ਰੀਤ ਕੌਰ ਬਾਂਗਾ ਵੱਲੋਂ ਫੁੱਲਾਂ ਦਾ ਗੁਲਦਸਤਾ ਅਤੇ ਪੰਜਾਬੀ ਅਦਬੀ ਸੰਗਤ ਦੀ ਪ੍ਰਧਾਨ ਉਜ਼ਮਾ ਮਹਿਮੂਦ ਅਤੇ ਮੀਤ ਪ੍ਰਧਾਨ ਬਸ਼ਰਤ ਰਹਿਮਾਨ ਵੱਲੋਂ ਸਰਟੀਫਿਕੇਟ ਦੇ ਕੇ ਡਾ ਦਲਬੀਰ ਸਿੰਘ ਕਥੂਰੀਆ ਜੀ ਨੂੰ ਸਨਮਾਨਿਤ ਕੀਤਾ ਗਿਆ ।ਰਵਿੰਦਰ ਸਿੰਘ ਕੰਗ ਨੇ ਰਮਿੰਦਰ ਰੰਮੀ ਨੂੰ ਟਰਾਫੀ , ਸਿਰੋਪਾ ਤੇ ਮਾਲਾ ਪਹਿਨਾ ਕੇ ਸਨਮਾਨਿਤ ਕੀਤਾ । ਬਾਦ ਵਿੱਚ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਜੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਇੱਕ ਵਾਰ ਫਿਰ ਅਨਾਊਂਸ ਕੀਤਾ ਕਿ ਜੋ ਵੀ ਦੋਸਤ ਇੱਥੇ ਪ੍ਰੋਗਰਾਮ ਕਰਨਾ ਚਾਹੁੰਦੇ ਹਨ ਇਸ ਹਾਲ ਵਿਖੇ ਜੱਦ ਮਰਜ਼ੀ ਚਾਹੁਣ ਕਰ ਸਕਦੇ ਹਨ । ਅਦਬੀ ਸ਼ਖ਼ਸੀਅਤਾਂ ਦੀ ਹਾਜ਼ਰੀ ਬਹੁਤਾਤ ਵਿੱਚ ਸੀ । ਬਹੁਤ ਸਤਿਕਾਰਯੋਗ ਸੁੱਖੀ ਬਾਠ ਜੀ ਦੇ ਪੰਜਾਬ ਭਵਨ ਸਰੀ ਤੋਂ ਮੈਨੂੰ ਫ਼ੋਨ ਅਤੇ ਮੈਸੇਜ ਆਏ ਕਿ ਮੈਨੂੰ ਦੱਸਿਆ ਹੁੰਦਾ ਤੇ ਮੈਂ ਇਸ ਸ਼ੁੱਭ ਅਵਸਰ ਤੇ ਪਹੁੰਚ ਕੇ ਆਪ ਮੁਬਾਰਕਬਾਦ ਦੇਣੀ ਸੀ ਦਲਬੀਰ ਸਿੰਘ ਕਥੂਰੀਆ ਜੀ ਨੂੰ , ਫਿਰ ਉਹਨਾਂ ਨੇ ਫ਼ੋਨ ਤੇ ਉਹਨਾਂ ਨੂੰ ਮੁਬਾਰਕਬਾਦ ਦਿੱਤੀ ।ਦੇਸ਼ਾਂ ਵਿਦੇਸ਼ਾਂ ਤੋਂ ਕਥੂਰੀਆ ਜੀ ਨੂੰ ਬਹੁਤ ਸੁਹਿਰਦ ਸ਼ਖ਼ਸੀਅਤਾਂ ਦੇ ਫ਼ੋਨ ਆ ਰਹੇ ਹਨ ਤੇ ਇਸ ਸ਼ੁੱਭ ਕਾਰਜ ਲਈ ਵਧਾਈਆਂ ਤੇ ਸ਼ੁੱਭ ਇੱਛਾਵਾਂ ਦੇ ਰਹੇ ਹਨ ।

## ਰਮਿੰਦਰ ਰੰਮੀ

# ਇੰਡੋ-ਕੈਨੇਡੀਅਨ ਸੀਨੀਅਰਜ਼ ਸੋਸਾਇਟੀ ਦੀ ਇਮਾਰਤ 'ਚ ਲੱਗੇਗੀ ਨਵੀਂ ਲਿਫਟ



ਸਰੀ, (ਹਰਦਮ ਮਾਨ)-ਬੀ.ਸੀ. ਦੀ ਸਮਾਜਿਕ ਵਿਕਾਸ ਅਤੇ ਗਰੀਬੀ ਘਟਾਓ ਮੰਤਰੀ, ਸ਼ੀਲਾ ਮੈਲਕਮਸਨ ਨੇ ਸਰੀ-ਡੈਲਟਾ ਇੰਡੋ ਕੈਨੇਡੀਅਨ ਸੀਨੀਅਰਜ਼ ਸੋਸਾਇਟੀ ਦੀ ਇਮਾਰਤ ਵਿੱਚ ਖਰਾਬ ਹੋਈ ਲਿਫਟ ਨੂੰ ਬਦਲਣ ਅਤੇ ਨਵੀਂ ਲਿਫਟ ਲਾਉਣ ਲਈ 140,000 ਡਾਲਰ ਸੂਬਾਈ ਫੰਡ ਦੇਣ ਦਾ ਐਲਾਨ ਕੀਤਾ ਹੈ। ਬੀਤੇ ਦਿਨ ਸਰੀ ਦੇ ਤਿੰਨ ਵਿਧਾਇਕ ਹੈਰੀ ਬੈਂਸ (ਨਿਊਟਨ), ਗੈਰੀ ਬੇਗ (ਗਿਲਡਫੋਰਡ) ਅਤੇ ਜਿੰਨੀ ਸਿਮਸ (ਪੈਨੋਰਮਾ) ਨਾਲ ਇਸ ਇਮਾਰਤ ਵਿਚ ਪੁੱਜੇ ਸ਼ੀਲਾ ਮੈਲਕਮਸਨ ਨੇ ਹਾਲਾਤ ਦਾ ਜਾਇਜ਼ਾ ਲੈਣ ਉਪਰੰਤ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਨਵੀਂ ਲਿਫਟ ਅਪ੍ਰੈਲ 2024 ਤੱਕ ਸ਼ੁਰੂ ਹੋ ਜਾਵੇਗੀ।

ਜ਼ਿਕਰਯੋਗ ਹੈ ਕਿ ਸਰੀ-ਡੈਲਟਾ ਇੰਡੋ ਕੈਨੇਡੀਅਨ ਸੀਨੀਅਰਜ਼ ਸੋਸਾਇਟੀ ਦੀ ਇਮਾਰਤ ਗੁਰਦੁਆਰਾ ਗੁਰੂ ਨਾਨਕ ਸਿੱਖ ਦੇ ਪੂਰਬ ਵਿੱਚ ਸਥਿਤ ਹੈ। ਇਹ ਇਮਾਰਤ 1970 ਵਿਚ ਬਣਾਈ ਗਈ ਸੀ। ਸੀਨੀਅਰਜ਼ ਸੋਸਾਇਟੀ ਦੇ 600 ਮੈਂਬਰ ਹਨ ਜਿਨ੍ਹਾਂ ਵਿੱਚੋਂ 200 ਦੇ ਕਰੀਬ ਔਰਤਾਂ ਹਨ। ਇਮਾਰਤ ਦੀ ਦੂਜੀ ਮੰਜ਼ਿਲ ਉੱਪਰ ਵਿਸ਼ੇਸ਼ ਕਰ ਕੇ ਬਜ਼ੁਰਗ ਔਰਤਾਂ ਇਕੱਠੀਆਂ ਹੋ ਕੇ ਆਪਣੀਆਂ ਚਾਹ ਪਾਣੀ ਦੀਆਂ ਪਾਰਟੀਆਂ ਕਰਦੀਆਂ ਹਨ ਅਤੇ ਇੱਥੇ ਹੀ ਸੱਭਿਆਚਾਰਕ ਅਤੇ ਸਾਹਿਤਕ ਪ੍ਰੋਗਰਾਮ ਵੀ ਹੁੰਦੇ ਹਨ। ਪਿਛਲੇ ਦੋ ਸਾਲਾਂ ਤੋਂ ਲਿਫਟ ਬੰਦ ਪਈ ਹੋਣ ਕਰਕੇ ਹਰ ਚੀਜ਼ ਪੌੜੀਆਂ ਰਾਹੀਂ ਉੱਪਰ ਲਿਆਉਣ ਸਮੇਂ ਬਜ਼ੁਰਗਾਂ ਨੂੰ ਬੜੀ ਮੁਸ਼ਕਿਲ ਪੇਸ਼ ਆ ਰਹੀ ਹੈ। ਵਾਕਰ ਜਾਂ ਵ੍ਹੀਲਚੇਅਰ ਤੇ ਨਿਰਭਰ ਬਜ਼ੁਰਗਾਂ ਲਈ ਪੌੜੀਆਂ ਚੜ੍ਹਨਾ ਹੋਰ ਵੀ ਔਖਾ ਹੈ।

ਇਸੇ ਦੌਰਾਨ ਸੋਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਲਿਫਟ ਬਦਲਣ ਲਈ ਫੰਡ ਦੇਣ ਦਾ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਲਿਫਟ ਬਦਲਣ ਨਾਲ ਨਾ ਸਿਰਫ਼ ਬਜ਼ੁਰਗਾਂ ਦੀ ਭੋਜਨ ਤੱਕ ਪਹੁੰਚ ਵਿੱਚ ਸੁਧਾਰ ਹੋਵੇਗਾ, ਸਗੋਂ ਉਹ ਕੇਂਦਰ ਵਿੱਚ ਵੱਖ-ਵੱਖ ਗਤੀਵਿਧੀਆਂ ਅਤੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ ਅਤੇ ਉਹਨਾਂ ਦੇ ਜੀਵਨ ਦੀ ਸਮੁੱਚੀ ਗੁਣਵੱਤਾ ਵਿੱਚ ਵੀ ਸੁਧਾਰ ਹੋਵੇਗਾ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ


ਕਾਵਿ-ਸੰਸਾਰ
ਅੱਖਰਵਿਤਾ!™
(An Acrostic Punjabi Poem on KavSansaar)
ਕਾਵਿਕ ਰਚਨਾਵਾਂ ਅਤੇ ਗਤੀਵਿਧੀਆਂ ਦਾ
ਵਿਆਪਕ ਰੂਪ ਵਿੱਚ
ਸੰਚਾਰ ਕਰਨ ਵਾਲਾ ਪੰਜਾਬੀ
ਸਾਹਿਤ ਦਾ ਇਕ ਖ਼ੂਬਸੂਰਤ ਬਿਜਲ
ਰਸਾਲਾ
ਪੰਜਾਬੀ ਸਾਹਿਤ ਜਗਤ 'ਚ ਇੱਕ ਨਵੀਂ ਕਾਵਿ-ਸ਼ੈਲੀ
ਦੀ ਕਾਢ
ਖੋਜਕਰਤਾ:
ਐਸ਼ਕੁਮ ਐਸ਼ਵਿਕ (ਐਸ਼)
www. kavsansaar.com
Read at: www.KavSansaar.com
©2019-2022 All rights reserved and encrypted by ASH , Poet, Linguist & Sociologist







**GTP Marvelous College, Surrey,Canada**








# La Taverne du Cap Vert et du Brésil

## 25 Rue Daubenton,
## 75005 Paris, France

**Tel : 01 43 31 44 00**

**Portable : 06 67 45 02 25**